ਤੁਸੀ ਆਪਣੇ ਬਿਜ਼ਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜ਼ਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 244 Website : www.punjabiakhbaar.ca Email: editor@punjabiakhbaar.ca Friday, 24 May 2024

# ਹਰਦੀਪ ਨਿੱਝਰ ਹੱਤਿਆ ਮਾਮਲੇ ਵਿੱਚ ਇੱਕ ਹੋਰ ਸ਼ੱਕੀ ਅਮਨਦੀਪ ਸਿੰਘ ਫੜਿਆ



ਸਰੀ(ਪੰਜਾਬੀ ਅਖ਼ਬਾਰ ਬਿਊਰੋ)- ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਾਮਲੇ ਵਿੱਚ ਚੌਥੇ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਕੇਸ ਵਿੱਚ ਪੁਲਿਸ ਤਿੰਨ ਭਾਰਤੀ ਨੌਜਵਾਨਾਂ ਕਰਨ ਬਰਾੜ ,ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਗ੍ਰਿਫ਼ਤਾਰ ਕੀਤੇ ਗਏ ਚੌਥੇ ਨੌਜਵਾਨ ਦੀ ਪਛਾਣ 22 ਸਾਲਾ ਅਮਨਦੀਪ ਸਿੰਘ ਵੱਜੋਂ ਹੋਈ ਹੈ ਜੋ ਬਰੈਂਪਟਨ, ਸਰੀ ਅਤੇ ਐਬਟਸਫੋਰਡ ਇਲਾਕਿਆਂ ਦਾ ਵਸਨੀਕ ਹੈ। ਉਸ ਉੱਤੇ ਪਹਿਲਾ ਦਰਜਾ ਕਤਲ ਅਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਸੂਤਰਾਂ ਮੁਤਾਬਕ ਚਾਰੋਂ ਮੁਲਜ਼ਮਾਂ ਦੇ ਬਿਸ਼ਨੋਈ ਗੈਂਗ ਨਾਲ ਸਬੰਧਾਂ ਦਾ ਸ਼ੱਕ ਹੈ। ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ ਦੀ ਜਾਂਚ ਟੀਮ ਨੇ ਕਿਹਾ ਕਿ ਅਮਨਦੀਪ ਸਿੰਘ ਨੂੰ ਨਿੱਝਰ ਕਤਲ ਕੇਸ ਵਿੱਚ ਉਸ ਦੀ ਸ਼ੱਕੀ ਭੂਮਿਕਾ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਵੱਲੋਂ ਜਾਰੀ ਬਿਆਨ ਮੁਤਾਬਕ ਅਮਨਦੀਪ ਸਿੰਘ ਹਥਿਆਰਾਂ ਨਾਲ ਜੁੜੇ ਇੱਕ ਮਾਮਲੇ ਵਿੱਚ ਪਹਿਲਾਂ ਹੀ ਪੀਲ ਰੀਜਨਲ ਪੁਲੀਸ ਦੀ ਹਿਰਾਸਤ ਵਿੱਚ ਸੀ। ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਅਧਿਕਾਰੀ ਮਨਦੀਪ ਮੂਕਰ ਨੇ ਕਿਹਾ ਕਿ ਇਸ ਗ੍ਰਿਫ਼ਤਾਰੀ ਨਾਲ ਸਪੱਸ਼ਟ ਹੁੰਦਾ ਹੈ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਚੱਲ ਰਹੀ ਜਾਂਚ ਨੂੰ ਕਿਸ ਸ਼ਿੱਦਤ ਨਾਲ ਅੰਜਾਮ ਤੱਕ ਪਹੁੰਚਾਇਆ ਜਾ ਰਿਹਾ ਹੈ। ਕੇਸ ਨਾਲ ਸਬੰਧਤ ਇੱਕ ਸੂਤਰ ਦੇ ਹਵਾਲੇ ਨਾਲ ਪਤਾ ਲੱਗਾ ਹੈ ਕਿ ਨਿੱਝਰ 'ਤੇ ਗੋਲੀਆਂ ਚਲਾਉਣ ਵਾਲੇ ਦੋ ਨੌਜਵਾਨਾਂ 'ਚੋਂ ਇੱਕ ਅਮਨਦੀਪ ਸਿੰਘ ਸੀ। ਉਧਰ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਨੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਕੈਨੇਡਾ ਵੱਲੋਂ ਕੀਤੀ ਚੌਥੀ ਗ੍ਰਿਫਤਾਰੀ 'ਤੇ ਕਿਹਾ ਕਿ ਭਾਰਤੀ ਏਜੰਸੀਆਂ ਨੂੰ ਅਜਿਹਾ ਕੁੱਝ ਖਾਸ ਜਾਂ ਜਾਂਚ ਯੋਗ ਨਹੀਂ ਮਿਲਿਆ, ਜਿਸ 'ਤੇ ਦੇਸ਼ ਦੀਆਂ ਏਜੰਸੀਆਂ ਜਾਂਚ ਕਰ ਸਕਣ। ਉਨਾਂ ਕਿਹਾ ਕਿ ਭਾਰਤ ਜਾਂਚ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਕੈਨੇਡਾ ਅਜਿਹੀ ਕੋਈ ਜਾਣਕਾਰੀ ਜਾਂ ਸਬੂਤ ਤਾਂ ਦੇਵੇ, ਜਿਸ 'ਤੇ ਭਾਰਤ ਅੱਗੇ ਕਾਰਵਾਈ ਕਰ ਸਕੇ।ਵਿਦੇਸ਼ ਮੰਤਰੀ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, 'ਸਾਨੂੰ ਕਦੇ ਵੀ ਅਜਿਹਾ ਕੁਝ ਨਹੀਂ ਮਿਲਿਆ ਜਿਸ 'ਤੇ ਸਾਡੀਆਂ ਜਾਂਚ ਏਜੰਸੀਆਂ ਅੱਗੇ ਕੰਮ ਕਰ ਸਕਣ।'

# ਕਾਰਬਨ ਟੈਕਸ ਦੇ ਮੁੱਦੇ ਉੱਪਰ ਟਰੂਡੋ ਅਤੇ ਪੋਲੀਵਰ ਵਿਚਾਲੇ ਜੰਗ ਛਿੜੀ ਹੋਈ ਹੈ





ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਏਰੇ ਪੋਲੀਵਰ ਨੇ ਆਖਿਆ ਹੈ ਕਿ ਜਸਟਿਨ ਟਰੂਡੋ ਦੀ ਅਗਵਾਈ ਅਤੇ ਐਨਡੀਪੀ ਦੇ ਸਹਿਯੋਗ ਨਾਲ ਚੱਲਣ ਵਾਲੀ ਲਿਬਰਲ ਸਰਕਾਰ ਵੱਲੋਂ ਲਗਾਏ ਗਏ ਕਾਰਬਨ ਟੈਕਸ ਕਾਰਨ ਹਰ ਕੈਨੇਡਾ ਵਾਸੀ ਪਰੇਸ਼ਾਨ ਹੈ। ਉਹਨਾਂ ਮੰਗ ਕੀਤੀ ਕਿ ਇਹਨਾਂ ਗਰਮੀਆਂ ਦੇ ਵਿੱਚ ਯਾਨੀ ਵਿਕਟੋਰੀਆ ਡੇ ਤੋਂ ਲੈ ਕੇ ਲੇਬਰ ਡੇ ਵਾਲੇ ਦਿਨ ਤੱਕ ਫੈਡਰਲ ਸਰਕਾਰ ਗੈਸ ਅਤੇ ਡੀਜ਼ਲ ਟੈਕਸ ਉੱਪਰ ਰੋਕ ਲਗਾਵੇ ਜੋ ਕਿ 35 ਸੈਂਟ ਪ੍ਰਤੀ ਲੀਟਰ ਬਣਦੀ ਹੈ ਉਹਨਾਂ ਆਖਿਆ ਕਿ ਇਸ ਬਚਤ ਨਾਲ ਲੋਕਾਂ ਨੂੰ ਛੁੱਟੀਆਂ ਮਨਾਉਣ ਜਾਣ ਵਾਸਤੇ ਕੁੱਝ ਨਾ ਕੁੱਝ ਮੱਦਦ ਮਿਲ ਜਾਵੇਗੀ। ਊਨਾ ਕਿਹਾ ਕਿ ਕੰਜ਼ਰਵਟਿਵ ਪਾਰਟੀ ਦੀ ਸਰਕਾਰ ਆਉਣ 'ਤੇ ਇਨ੍ਹਾਂ ਟੈਕਸਾਂ ਨੂੰ ਖ਼ਤਮ ਕੀਤਾ ਜਾਵੇਗਾ ਅਤੇ ਅਪਰਾਧਕ ਗਤੀਵਿਧੀਆਂ ਨੂੰ ਰੋਕਿਆ ਜਾਵੇਗਾ। ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਪੋਲੀਵਰ ਇਹ ਵੇਖਣ ਦੀ ਬਜਾਏ ਕਿ ਇਸ ਵਕਤ ਵਾਤਾਵਰਨ ਤਬਦੀਲੀ ਕਾਰਨ ਦੇਸ਼ ਵਿੱਚ ਕਈ ਥਾਂ ਅੱਗਾਂ ਲੱਗੀਆਂ ਹੋਈਆਂ ਹਨ ਉਹ ਇਸ ਦੇ ਖਿਲਾਫ ਪ੍ਰਚਾਰ ਕਰ ਰਹੇ ਹਨ। ਪ੍ਰਧਾਨ ਮੰਤਰੀ ਨੇ ਆਖਿਆ ਕਿ ਕਾਰਬਨ ਟੈਕਸ ਦੇ ਰੂਪ ਵਿੱਚ ਕੈਨੇਡਾ ਵਾਸੀ ਜੋ ਵਾਧੂ ਡਾਲਰ ਖਰਚ ਰਹੇ ਹਨ ਉਹ ਉਹਨਾਂ ਨੂੰ ਰਿਬੇਟ ਦੇ ਰੂਪ ਵਿੱਚ ਵਾਪਸ ਮਿਲ ਰਹੇ ਹਨ ਅਤੇ ਇਸ ਦੀ ਪੁਸ਼ਟੀ ਪਾਰਲੀਮੈਂਟਰੀ ਬਜਟ ਅਫਸਰ ਨੇ ਵੀ ਕੀਤੀ ਹੈ ਕਿ ਲੋਕ ਕਾਰਬਨ ਟੈਕਸ ਦੇ ਰੂਪ ਵਿੱਚ ਗਰੋਸਰੀ ਸਟੋਰਾਂ ਅਤੇ ਗੈਸ ਸਟੇਸ਼ਨਾਂ ਤੇ ਜੋ ਵਾਧੂ ਡਾਲਰ ਦੇ ਰਹੇ ਹਨ ਉਹਨਾਂ ਨੂੰ ਉਸ ਤੋਂ ਵੱਧ ਡਾਲਰ ਰਿਬੇਟ ਦੇ ਰੂਪ ਵਿੱਚ ਵਾਪਸ ਮਿਲ ਰਹੇ ਹਨ। ਉਹਨਾਂ ਦੋਸ਼ ਲਗਾਇਆ ਕਿ ਪੋਲੀਵਰ ਲੋਕਾਂ ਨੂੰ ਮਿਲ ਰਹੇ ਇਹਨਾਂ ਚੈੱਕਾਂ ਨੂੰ ਰੁਕਵਾਉਣਾ ਚਾਹੁੰਦੇ ਹਨ।

BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
• Immigration Law • Family Law • Real Estate
• Corporate Law • Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

HK HENDERSON | NAVACORD
ਟਰਾਂਸਪੋਰਟੇਸ਼ਨ ਇੰਸ਼ੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Lori Gropp
lgropp@hkhenderson.ca
306.566.4458
Cherie Shook-Pelletier
cshook@hkhenderson.ca
306.584.6995
Russ Collicott
rcollicott@hkhenderson.ca
306.924.3671
Leaders in Transportation Insurance, Risk and Advice

JBK LAW OFFICE
IMMIGRATION & LEGAL EXPERT TEAM
JBK LAW OFFICE
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2-31 Broadway St. E. Yorkton, SK S3N 0K4
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

Sanserwal Law Office
LEGAL & IMMIGRATION SERVICES
• REFUGEE
• BUSINESS VISA
• JUDICIAL REVIEW AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PR CASES
• FAMILY SPONSORSHIP
HARJINDER SINGH SANSERWAL
LL.M., B.A.LL.B.
BARRISTER & SOLICITOR
+1(639)-999-8552(M)
HSS.LAW17@GMAIL.COM
WWW.SANSERWALLAW.CA
1530, ANGUS STREET, REGINA, SASKATCHEWAN

GRACE OVERSEAS
IMMIGRATION SOLUTION LTD.
• SINP- PROGRAMS
• FOREIGN WORKER RECRUITMENT(LMIA)
• PR CASES
• FAMILY SPONSORSHIP
• CITIZENSHIP APPLICATION
• STUDY PERMIT+PGWP
• VISITOR+SUPER VISA
SUKHBIR SIDHU (RCIC)
LL.M., B.A.LL.B.
639-999-8552
WWW.GRACECANADA.CA
GRACEIMMISERVICE@GMAIL.COM
#2010, 11TH AVENUE, 7TH FLOOR RBC BUILDING, REGINA,SK

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER
LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
DOMINION LENDING CENTRES
MORTGAGEFIRM.CA
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
TEAM MEMBER OF MORTGAGE ALLIANCE
200 1965 Broad Street, Regina, SK S4P 1Y1

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

# ਕੈਲਗਰੀ ਵਿਚ ਸਾਲਾਨਾ ਨਾਟਕ ਮੇਲਾ 23 ਜੂਨ 2024 ਨੂੰ ਹੋਵੇਗਾ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) 13ਵੇਂ 'ਸੋਹਣ ਮਾਨ ਯਾਦਗਾਰੀ ਸਾਲਾਨਾ ਨਾਟਕ ਮੇਲਾ 2024' ਦੀਆਂ ਤਿਆਰੀਆਂ ਲਈ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਪ੍ਰੋਗਰੈਸਿਵ ਕਲਾ ਮੰਚ ਕੈਲਗਰੀ' ਦੀ ਸਾਂਝੀ ਮੀਟਿੰਗ ਐਤਵਾਰ ਮਈ 12 ਨੂੰ ਹੋਈ।ਜਿਸਦੇ ਸ਼ੁਰੂ ਵਿੱਚ ਸਾਰੇ ਹਾਜ਼ਿਰ ਮੈਂਬਰਾਂ ਵਲੋਂ ਪੰਜਾਬੀ ਦੇ ਲੋਕ-ਪੱਖੀ ਨਾਮਵਰ ਸ਼ਾਇਰ ਸੁਰਜੀਤ ਪਾਤਰ ਜੀ ਦੀ ਅਚਾਨਕ ਮੌਤ ਦੇ ਡੂੰਘਾ ਅਫਸੋਸ ਪ੍ਰਗਟ ਕੀਤਾ ਗਿਆ।ਉਨ੍ਹਾਂ ਦੀਆਂ ਪੰਜਾਬੀ ਬੋਲੀ ਲਈ ਅਨੇਕਾਂ ਤਰ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਸਾਲ ਦਾ ਨਾਟਕ ਮੇਲਾ ਪਿਛਲੇ ਸਾਲਾਂ ਦੀ ਤਰ੍ਹਾਂ ਰੈਡ ਸਟੋਨ ਨਾਰਥ ਈਸਟ ਥੀਏਟਰ ਵਿੱਚ ਐਤਵਾਰ 23 ਜੂਨ, 2024 ਨੂੰ ਹੋਵੇਗਾ।ਇਸ ਨਾਟਕ ਦੀ ਤਿਆਰੀ ਲਈ ਪਿਛਲੇ ਸਾਲਾਂ ਵਾਂਗ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਤੋਂ ਲੇਖਕ, ਕਲਾਕਾਰ ਤੇ ਨਿਰਦੇਸ਼ਕ, ਹਰਕੇਸ਼ ਚੌਧਰੀ ਜੂਨ ਦੇ ਪਹਿਲੇ ਹਫਤੇ ਕੈਲਗਰੀ ਪਹੁੰਚ ਰਹੇ ਹਨ। 'ਪ੍ਰੋਗਰੈਸਿਵ ਕਲਾ ਮੰਚ, ਕੈਲਗਰੀ' ਨੂੰ ਨਾਟਕਾਂ ਲਈ ਮੇਲ ਕਲਾਕਾਰਾਂ ਦੀ ਲੋੜ ਹੈ, ਜੋ ਕਿ ਇਸ ਨਾਟਕ ਮੇਲੇ ਲਈ ਵਲੰਟੀਅਰ ਸੇਵਾਵਾਂ ਕਰ ਸਕਦੇ ਹੋਣ। ਇਸ ਸਬੰਧੀ ਤੁਸੀਂ ਕਮਲਪ੍ਰੀਤ ਪੰਧੇਰ ਨਾਲ਼ 403-479-4220 ਜਾਂ ਕਮਲ ਸਿੱਧੂ ਨਾਲ਼ 403-966-7167 'ਤੇ ਸੰਪਰਕ ਕਰ ਸਕਦੇ ਹੋ। ਅਗਰ ਤੁਸੀਂ ਕੋਰੀਓਗਰਾਫੀ ਲਈ ਆਪਣੇ ਬੱਚੇ ਸ਼ਾਮਿਲ ਕਰਾਉਣਾ ਚਾਹੁੰਦੇ ਹੋ, ਤਾਂ ਵੀ ਉਪਰਲੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਨਾਟਕ ਮੇਲੇ ਦੀ ਟਿਕਟ ਪਹਿਲਾਂ ਵਾਂਗ ਸਿਰਫ ਦਸ ਡਾਲਰ ਹੀ ਹੋਵੇਗੀ।ਇਸ ਨਾਟਕ ਮੇਲੇ ਨੂੰ ਸਪੌਂਸਰ ਕਰਕੇ ਸਹਿਯੋਗ ਕਰਨ ਜਾਂ ਕਿਸੇ ਹੋਰ ਜਾਣਕਾਰੀ ਲਈ ਤੁਸੀਂ ਮਾਸਟਰ ਭਜਨ ਸਿੰਘ ਨਾਲ਼ 403-455-4220 ਜਾਂ ਹਰਚਰਨ ਪ੍ਰਹਾਰ ਨਾਲ਼ 403-681-8689 'ਤੇ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਭਜਨ ਸਿੰਘ, ਕਮਲ ਸਿੱਧੂ, ਹਰਚਰਨ ਪ੍ਰਹਾਰ, ਕਮਲਪ੍ਰੀਤ ਪੰਧੇਰ, ਹਰੀਪਾਲ, ਮਨਜੀਤ ਗਿੱਲ, ਨਵਕਿਰਨ ਢੁੱਡੀਕੇ, ਗੋਪਾਲ ਜੱਸਲ ਆਦਿ ਮੈਂਬਰਾਂ ਨੇ ਭਾਗ ਲਿਆ।

# ਤਰਕਸ਼ੀਲ ਸੁਸਾਇਟੀ ਕੈਲਗਰੀ ਇਕਾਈ ਦੀ ਚੋਣ ਦੌਰਾਨ ਦਰਸ਼ਨ ਔਜਲਾ ਪ੍ਰਧਾਨ ਅਤੇ ਬੀਰਬਲ ਭਦੌੜ ਜਨ ਸਕੱਤਰ ਚੁਣੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਤਰਕਸ਼ੀਲ ਸੁਸਾਇਟੀ ਕੈਲਗਰੀ (ਕਨੇਡਾ) ਦੀ ਮੀਟਿੰਗ ਕੈਲਗਰੀ ਦਫ਼ਤਰ ਵਿੱਚ ਹੋਈ। ਮੀਟਿੰਗ ਦੌਰਾਨ ਪਿਛਲੇ ਦੋ ਸਾਲ ਦੇ ਕਾਰਜਕਾਲ ਦੌਰਾਨ ਹੋਏ ਕੰਮ ਤੇ ਚਰਚਾ ਹੋਈ। ਵਿੱਤ ਸਕੱਤਰ ਗੁਪਾਲ ਕਾਉਂਕੇ ਨੇ ਦੋ ਸਾਲਾ ਦਾ ਸਾਰਾ ਹਿਸਾਬ ਕਿਤਾਬ ਹਾਜ਼ਰੀਨ ਮੈਂਬਰਾਂ ਨਾਲ ਸਾਂਝਾ ਕੀਤਾ, ਜਿਸ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਉਸ ਤੋ ਬਾਅਦ ਗੁਰਨਾਮ ਮਾਨ ਨੇ ਚੋਣ ਪ੍ਰਕਿਰਿਆ ਵਾਰੇ ਦੱਸਿਆ। ਬੀਰਬਲ ਭਦੌੜ ਨੇ ਤਰਕਸ਼ੀਲ ਸੁਸਾਇਟੀ ਦੇ ਵਿਧਾਨ ਵਾਰੇ ਖੁੱਲ ਕੇ ਦੱਸਿਆ,ਜਿਸ ਤੇ ਮਾਸਟਰ ਭਜਨ ਗਿੱਲ, ਗੁਰਿੰਦਰ ਬਰਾੜ ਤੇ ਹੋਰ ਮੈਂਬਰਾ ਨੇ ਖੁੱਲ ਕੇ ਵਿਚਾਰ ਪ੍ਰਗਟ ਕੀਤੇ। ਚੋਣ ਪ੍ਰਕਿਰਿਆ ਵਿੱਚ ਹਿੱਸਾ ਲੈਂਦੇ ਹੋਏ ਰਾਜ ਜੱਸਲ ਨੇ ਸੁਝਾਅ ਪੇਸ਼ ਕੀਤਾ ਕਿ ਪਹਿਲਾ ਹੀ ਜਿਹੜੀ ਕਮੇਟੀ ਕੰਮ ਕਰਦੀ ਹੈ,ਉਸ ਨੂੰ ਹੀ ਹੋਰ 2 ਸਾਲ ਦਾ ਕਾਰਜਕਾਲ ਦਿੱਤਾ ਜਾਵੇ। ਜਿਸ ਨੂੰ ਸਾਰੇ ਹਾਜ਼ਰੀਨ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਵਾਨ ਕੀਤਾ। ਨਵੇ ਔਹੁਦੇਦਾਰਾਂ ਦੀ ਚੋਣ ਵਿੱਚ ਦਰਸ਼ਨ ਔਜਲਾ ਪ੍ਰਧਾਨ, ਬੀਰਬਲ ਭਦੌੜ ਜਰਨਲ ਸਕੱਤਰ, ਗੁਰਨਾਮ ਮਾਨ ਵਾਇਸ ਪ੍ਰਧਾਨ, ਗੁਪਾਲ ਕਾਉਂਕੇ ਵਿੱਤ ਸਕੱਤਰ ਅਤੇ ਤਰਨਜੀਤ ਮੰਡ ਪ੍ਰੈਸ ਸਕੱਤਰ ਚੁਣੇ ਗਏ। 21 ਮਈ ਨੂੰ ਹੋਣ ਵਾਲੇ ਕੌਮੀ ਜਨਰਲ ਇਜਲਾਸ ਲਈ ਜਗਮੀਤ ਪੰਧੇਰ, ਸਤਨਾਮ ਸ਼ੇਰਗਿੱਲ ਅਤੇ ਜਗਤਾਰ ਜਗਰਾਵਾਂ ਨੂੰ ਡੈਲੀਗੇਟ ਨਾਮਜ਼ਦ ਕੀਤਾ ਗਿਆ। ਇਹ ਸਾਰੀ ਚੋਣ ਪ੍ਰਕਿਰਿਆ ਸਰਬ ਸੰਮਤੀ ਕੀਤੀ ਗਈ। ਇਸ ਤੋਂ ਬਾਅਦ ਸ਼ਹੀਦ ਕਰਤਾਰ ਸਿੰਘ ਸਰਾਭਾ ਲਾਇਬ੍ਰੇਰੀ ਵਾਰੇ ਜਾਣਕਾਰੀ ਦਿੱਤੀ ਗਈ, ਇਹ ਲਾਇਬ੍ਰੇਰੀ ਹਰ ਸ਼ਨੀਵਾਰ ਅਤੇ ਐਤਵਾਰ ਨੂੰ 2 ਤੋ 5 ਵਜੇ ਤੱਕ ਖੁੱਲੀ ਰਹੇਗੀ। ਕੋਈ ਵੀ ਇਸ ਦਾ ਮੈਂਬਰ ਬਣ ਸਕਦਾ ਹੈ ਤੇ ਕਿਤਾਬ ਲੈ ਸਕਦਾ ਹੈ।ਸਰਬ ਸੰਮਤੀ ਨਾਲ ਨਵਤੇਜ ਧਾਲੀਵਾਲ ਤੇ ਸੁਰਜਨ ਸਹੋਤਾ ਨੂੰ ਇਸ ਦਾ ਇੰਚਾਰਜ ਨਾਮਜ਼ਦ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਵਹਿਮਾ, ਭਰਮਾਂ ਦੇ ਖਿਲਾਫ ਪ੍ਰਚਾਰ ਕਰਨ ਦੇ ਨਾਲ-ਨਾਲ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਸਾਥੀਆ ਦੀ ਸੋਚ ਤੇ ਪਹਿਰਾ ਦਿੰਦਿਆ, ਚੰਗੇ, ਲੁੱਟ ਰਹਿਤ ਸਮਾਜ ਦੀ ਸਿਰਜਣਾ ਲਈ ਕੀਤੇ ਉਪਰਾਲਿਆਂ ਵਿੱਚ ਵੀ ਅਗਾਂਹਵਧੂ ਜੱਥੇਬੰਦੀਆ ਦੇ ਯਤਨਾ ਨਾਲ ਸਹਿਯੋਗ ਕਰਦੀ ਰਹੇਗੀ। ਸੋਸਾਇਟੀ ਬਾਰੇ ਹੋਰ ਜਾਣਕਾਰੀ ਲੈਣ ਲਈ ਦਰਸ਼ਨ ਔਜਲਾ 403 606 6445 ਜਾਂ ਬੀਰਬਲ ਭਦੌੜ ਨਾਲ 1 204 894 4371ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।















# ਗਲੋਬਲ ਪ੍ਰਵਾਸੀ ਸੀਨੀਅਰ ਸਿਟੀਜਨ ਸੁਸਾਇਟੀ ਵੱਲੋਂ ਕਮਿਊਨਿਟੀ ਲੰਚ ਅਤੇ ਬਜੁਰਗਾਂ ਦੀਆਂ ਸਮੱਸਿਆਵਾਂ ਬਾਰੇ ਸੈਮੀਨਾਰ ਕਰਵਾਇਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵਿਖੇ ਬਜ਼ੁਰਗਾਂ ਦੀ ਸੰਸਥਾਵਾਂ ਵਿੱਚੋਂ ਇੱਕ ਗਲੋਬਲ ਪ੍ਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਕੈਲਗਰੀ ਨੇ ਆਪਣੇ ਮੈਂਬਰਾਂ ਲਈ ਕਮਿਊਨਿਟੀ ਲੰਚ ਦੇ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਸਮਾਗਮ ਦੌਰਾਨ ਵੰਨ ਸਵੰਨੇ ਖਾਣਿਆਂ ਦੀ ਖੁਸ਼ਬੂ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੇ ਹਾਜ਼ਰੀ ਲਗਵਾ ਕੇ ਮਾਣੀ। ਖਾਣਾ ਖਾਣ ਉਪਰੰਤ ਬਜ਼ੁਰਗਾਂ ਦੀਆਂ ਸਮੱਸਿਆਵਾਂ ਬਾਰੇ ਸੈਮੀਨਾਰ ਦੌਰਾਨ ਉਹਨਾਂ ਨੂੰ ਨਿੱਤ ਦਿਹਾੜੇ ਪੇਸ਼ ਆਉਂਦੀਆਂ ਮੁਸਕਿਲਾਂ ਬਾਰੇ ਖੁੱਲ ਕੇ ਚਰਚਾ ਹੋਈ। ਬੁਲਾਰਿਆਂ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਸਾਨੂੰ ਆਪਣੀਆਂ ਮੁਸਕਿਲਾਂ ਨੂੰ ਛੁਪਾਉਣਾ ਨਹੀਂ ਚਾਹੀਦਾ,ਜੇਕਰ ਅਸੀਂ ਇਹਨਾਂ ਨੂੰ ਛੁਪਾਵਾਂਗੇ ਤਾਂ ਇਹ ਦਿਨ-ਬਦਿਨ ਵਧਦੀਆਂ ਹੀ ਜਾਣਗੀਆਂ। ਇਸ ਮੌਕੇ ਸੰਸਥਾ ਦੇ ਸਰਪ੍ਰਸਤ ਸਤਪਾਲ ਕੌਸ਼ਿਲ ਹੋਰਾਂ ਨੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੀਤੇ ਦਿਨੀ ਜਦੋਂ ਵਿਸਾਖੀ ਦਾ ਪ੍ਰੋਗਰਾਮ ਕਰਵਾਇਆ ਗਿਆ ਸੀ ਤਾਂ ਉਸ ਸਮੇਂ ਵੀ ਸੰਸਥਾ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਹਾਜਰੀ ਲਗਵਾ ਕੇ ਉਸ ਵਿਸਾਖੀ ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਸੀ ਅਤੇ ਹੁਣ ਆਉਣ ਵਾਲੇ ਦਿਨਾਂ ਵਿੱਚ ਪਤ ਝੜ ਰੁੱਤ ਦੌਰਾਨ ਜਦੋਂ ਦਿਵਾਲੀ ਦਾ ਤਿਉਹਾਰ ਮਨਾਇਆ ਜਾਵੇਗਾ ਤਾਂ ਉਸ ਮੌਕੇ ਵੀ ਕੋਈ ਸਮਾਗਮ ਰੱਖ ਕੇ ਦਿਵਾਲੀ ਦੇ ਤਿਹਾਰ ਨੂੰ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਉਹਨਾਂ ਦੀ ਕੋਸ਼ਿਸ਼ ਰਹੇਗੀ ਕਿ ਜੁਲਾਈ ਮਹੀਨੇ ਕੈਲਗਰੀ ਦੇ ਧਰਤੀ ਉੱਪਰ ਲੱਗਣ ਵਾਲੇ ਵੱਡ ਅਕਾਰੀ ਮੇਲਿਆਂ ਵਿੱਚੋਂ ਇੱਕ ਕੈਲਗਰੀ ਸਟੈਂਪੀਡ ਮੌਕੇ ਵੀ ਸ਼ਾਇਦ ਕੋਈ ਵੱਡਾ ਪ੍ਰੋਗਰਾਮ ਉਲੀਕਿਆ ਜਾ ਸਕੇ। ਇਸ ਮੌਕੇ ਉਹਨਾਂ ਹੋਰਨਾਂ ਸੰਸਥਾਵਾਂ ਦੇ ਮੈਂਬਰਾਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਜਿਹੜੇ ਉਹਨਾਂ ਦੇ ਸੱਦੇ ਉੱਪਰ ਹਰ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਹਾਜਰੀ ਭਰਦੇ ਹਨ।

# ਅਮਿੱਟ ਯਾਦਾਂ ਛੱਡਦਾ ਅਲਬਰਟਾ ਕੱਪ 2024 ਸਮਾਪਤ ਹੋਇਆ

## ਦਰਸ਼ਕਾਂ ਦੇ ਭਾਰੀ ਇਕੱਠ ਅਤੇ ਉਤਸ਼ਾਹ ਨਾਲ ਕਾਮਯਾਬ ਖੇਡ ਸਮਾਗਮ ਉੱਪਰ ਮੋਹਰ ਲੱਗੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਨਦੀਪ ਝੱਲੀ ਮੁੱਖ ਪ੍ਰਬੰਧਕ ਤੇ ਕੰਵਲ ਢਿਲੋਂ ਦੀ ਪ੍ਰਧਾਨਗੀ ਵਿੱਚ ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋ 7ਵਾਂ ਤਿੰਨ ਦਿਨਾਂ ਫੀਲਡ ਹਾਕੀ ਟੂਰਨਾਮੈਂਟ ਜੈਨੇਸਿਸ ਸੈਂਟਰ ਕੈਲਗਰੀ ਵਿਖੇ 17,18 ਤੇ 19 ਮਈ 2024 ਨੂੰ ਕਰਵਾਇਆ ਗਿਆ। ਹਾਕੀ ਵਿੱਚ 16 ਟੀਮਾਂ ਨੇ ਭਾਗ ਲਿਆ ਐਡਮਿੰਟਨ ਨੇ ਲਗਾਤਾਰ ਦੂਸਰੀ ਵਾਰ ਮੈਨਜ਼ ਡਵੀਜਨ ਜਿੱਤਿਆ । ਰੋਮਾਚਿਕ ਫਾਈਨਲ ਵਿੱਚ ਕਿੰਗਜ਼ 11 ਨੂੰ 4-3 ਦੇ ਫਰਕ ਨਾਲ ਹਰਾਇਆ । ਕਿੰਗਜ਼ 11 ਦੂਸਰੇ ਸਥਾਨ ਰਹੀ । ਮੈਨਜ਼ ਵਰਗ ਵਿੱਚ ਲੱਕੀ ਗਿੱਲ ਨੂੰ ਟੂਰਨਾਮੈਂਟ ਐਮ ਵੀ ਪੀ ਚੁਣਿਆ ਗਿਆ ।ਮਾਸਟਰ 40+ ਫਾਈਨਲ ਵਿੱਚ ਪੰਜਾਬ ਨੇ ਹਾਕਸ 2-1 ਨਾਲ ਹਰਾ ਕੇ ਖ਼ਿਤਾਬ ਜਿੱਤਿਆ ।ਇਸ ਵਰਗ ਵਿੱਚ ਕਨਵਰ ਪੰਨੂ ਨੂੰ ਐਮ ਵੀ ਪੀ ਚੁਣਿਆ ਗਿਆ ।

ਤਾਸ਼ ਸੀਪ ਮੁਕਾਬਲੇ ਬਿੱਕਰ ਸਿੰਘ ਸੰਧੂ ਦੀ ਅਗਵਾਈ ਵਿੱਚ ਕਰਵਾਏ ਗਏ ਜਿਸ ਵਿੱਚ 24 ਟੀਮਾਂ ਨੇ ਭਾਗ ਲਿਆ । ਜਿਸ ਵਿੱਚ ਨਰਿੰਦਰ ਬਰਨ ਅਤੇ ਬੱਗਾ ਦੀ ਟੀਮ ਪਹਿਲੇ ਨੰਬਰ ਉੱਪਰ ਰਹੀ। ਰਾਣਾ ਹੇਅਰ ਵੱਲੋਂ ਰੱਸਾਕਸੀ ਦੇ ਮੁਕਾਬਲੇ ਕਰਵਾਏ ਗਏ। ਸਮਾਗਮ ਦੀ ਸਮਾਪਤੀ ਮੌਕੇ ਗਿੱਧਾ ਭੰਗੜੇ ਦੇ ਨਾਲ ਨਾਲ ਪੰਜਾਬੀ ਸੰਗੀਤ ਜਗਤ ਦੇ ਨਾਮਵਰ ਗਾਇਕ ਵੀਰ ਦਵਿੰਦਰ,ਏਕਮ ਸੁਧਾਰ ਤੇ ਜਾਨ ਹੀਰ ਨੇ ਹਾਜ਼ਰੀ ਲਵਾਈ । ਲੱਕੀ ਡਰਾਅ ਵਿੱਚ ਟੀ ਵੀ ਸੁਖਪਾਲ ਬਰਾੜ ਨੇ ਜਿੱਤਿਆ ।ਮੰਨਤ,ਅਨੀਸ਼ ਤੇ ਗੌਰਵ ਨੂੰ ਹਾਕੀ ਵਿੱਚ ਕੀਤੀਆ ਪ੍ਰਾਪਤੀਆਂ ਲਈ ਯੂਨਾਈਟਿਡ ਯੂਥ ਐਵਾਰਡ 2024 ਨਾਲ ਸਨਮਾਨਤ ਕੀਤਾ ਗਿਆ । ਕਲੱਬ ਵੱਲੋਂ ਸਾਰੇ ਖਿਡਾਰੀਆਂ, ਸਪਾਂਸਰਾ ,ਦਰਸ਼ਕਾਂ , ਵਲੰਟੀਅਰਾਂ ਤੇ ਮਾਪਿਆਂ ਦਾ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ । ਇਸ ਸਮੇਂ ਕਲੱਬ ਮੈਂਬਰ ਮਨਵੀਰ ਗਿੱਲ, ਕੁਲਵੰਤ ਬਰਾੜ,ਮਨਵੀਰ ਮਾਂਗਟ, ਜਸਕਰਨ ਸਿੰਘ,ਸੁਰਿੰਦਰ ਸਿੰਘ, ਗੁਰਮਿੰਦਰ, ਅਮਨ, ਪਿੰਦਾ, ਜੀਵਨ, ਅਰਸ਼ ਮਾਂਗਟ,ਬਲਜੀਤ ਗਿੱਲ, ਹਰਪਵਨ, ਸੁਖਦੀਪ,ਪ੍ਰਤਾਪ ਤੇ ਧਰਮਾ ਰੰਧਾਵਾ ਵੀ ਹਾਜ਼ਰ ਸਨ

# ਰੈੱਡ ਡੀਅਰ ਵਿਖੇ ਵਿਸਾਖੀ ਮੇਲਾ ਅਮਿੱਟ ਛਾਪ ਛੱਡ ਗਿਆ



ਰੈੱਡ ਡੀਅਰ (ਪੰਜਾਬੀ ਅਖ਼ਬਾਰ ਬਿਊਰੋ) ਸੈਂਟਰਲ ਅਲਬਰਟਾ ਪੰਜਾਬੀ ਕਲਚਰਲ ਸੋਸਾਇਟੀ ਵੱਲੋਂ ਬੀਤੇ ਦਿਨੀ ਰੈੱਡ ਡੀਅਰ ਸਹਿਰ ਵਿੱਚ ਵਿਸਾਖੀ ਮੇਲਾ ਆਯੋਜਿਤ ਕੀਤਾ ਗਿਆ। ਬਹੁਤ ਹੀ ਪਰਿਵਾਰਕ ਮਾਹੌਲ ਵਿੱਚ ਇਹ ਸ਼ਾਮ ਯਾਦਗਾਰੀ ਹੋ ਨਿੱਬੜੀ। ਬੱਚਿਆਂ, ਬਜ਼ੁਰਗਾਂ ਅਤੇ ਵੀਰਾਂ ਭੈਣਾਂ ਦੀ ਸ਼ਮੂਲੀਅਤ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਦੀਆਂ ਬਾਤਾਂ ਪਾ ਰਹੀ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਨੀ ਸਵੈਚ ਨੇ ਦੱਸਿਆ ਕਿ ਪੈਸੇ ਦੀ ਦੌੜ ਵਿੱਚ ਅੱਜ ਕੱਲ ਸਾਡੇ ਭਾਈਚਾਰੇ ਦੇ ਪ੍ਰੋਗਰਾਮਾਂ ਦਾ ਵਪਾਰੀਕਰਨ ਹੋ ਚੁੱਕਾ ਹੈ,ਪਰ ਇਸ ਇਕੱਠ ਵਿੱਚ ਸਾਡੇ ਦਾਦੇ ਪੜਦਾਦਿਆਂ ਦੇ ਸਮੇਂ ਦੀ ਸਾਦਗੀ,ਮਾਹੌਲ ਤੇ ਪ੍ਰੇਮ ਪਿਆਰ ਪ੍ਰਤੱਖ ਝਲਕ ਰਿਹਾ ਸੀ।ਸਿਟੀ ਮੇਅਰ ਕੇਨ ਜੋਹਨ ਸਟੋਨ ਨੇ ਭੰਗੜਾ ਪਾ ਕੇ ਮਾਹੌਲ ਰੰਗੀਨ ਬਣਾ ਦਿੱਤਾ। ਸਪਾਂਸਰ ਵੀਰ ਨਿਸ਼ਾਨ ਸਿੰਘ ਸੰਧੂ,ਵਰਿੰਦਰ ਸਿੱਧੂ ਗੁਰਚਰਨ ਗਿੱਲ ਅਤੇ ਸਮੁੱਚੀ ਟੀਮ , ਇਸ ਕਾਮਯਾਬ ਸ਼ਾਮ ਲਈ ਵਧਾਈ ਦੀ ਪਾਤਰ ਹੈ।

# ਤਰਕਸ਼ੀਲ ਸੁਸਾਇਟੀ ਕੈਨੇਡਾ ਦਾ ਕੌਮੀ ਡੈਲੀਗੇਟ ਇਜਲਾਸ ਅਤੇ ਚੋਣ ਦੌਰਾਨ ਬਲਦੇਵ ਰਹਿਪਾ ਪ੍ਰਧਾਨ ਅਤੇ ਬੀਰਬਲ ਭਦੌੜ ਸਕੱਤਰ ਬਣੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 19 ਮਈ 2024, ਦਿਨ ਐਤਵਾਰ ਨੂੰ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦਾ ਕੌਮੀ ਡੈਲੀਗੇਟ ਇਜ਼ਲਾਸ ਜੂਮ ਰਾਹੀਂ ਕੀਤਾ ਗਿਆ। ਜਿੱਥੇ ਸਮੁੱਚੇ ਕੈਨੇਡਾ ਦੇ ਚਾਰ ਯੂਨਿਟਾਂ ਦੇ ਡੈਲੀਗੇਟ ਹਾਜ਼ਰ ਸਨ, ਨੇਂ ਪਿਛਲੇ ਸੈਸ਼ਨ 2022 -2024 ਦੀ ਰਿਪੋਰਟ ਪਾਸ ਕੀਤੀ ਅਤੇ ਸੰਵਿਧਾਨ ਵਿੱਚ ਸੋਧਾਂ ਤੋਂ ਇਲਾਵਾ ਨਵੀਂ ਚੋਣ ਕੀਤੀ ।ਨਵੀਂ ਚੋਣ ਅਨੁਸਾਰ ਬਲਦੇਵ ਰਹਿਪਾ ?ਨਟਾਰੀ? ਤੋਂ ਪ੍ਰਧਾਨ, ਬਲਵਿੰਦਰ ਬਰਨਾਲਾ ?ਨਟਾਰੀ? ਤੋਂ ਮੀਤ ਪ੍ਰਧਾਨ, ਬੀਰਬਲ ਭਦੌੜ ਕੈਲਗਰੀ ਤੋਂ ਜਨਰਲ ਸਕੱਤਰ, ਡਾਕਟਰ ਬਲਜਿੰਦਰ ਸੇਖੋਂ ?ਨਟਾਰੀ? ਤੋਂ ਪ੍ਰੈਸ ਅਤੇ ਸਿੱਖਿਆ ਸਕੱਤਰ ਅਤੇ ਜਗਰੂਪ ਧਾਲੀਵਾਲ ਬੀ ਸੀ ਤੋਂ ਖਜਾਨਚੀ ਚੁਣੇ ਗਏ ਹਨ। ਐਗਜੈਕਟਿਵ ਕਮੇਟੀ ਮੈਂਬਰ ਗੁਰਮੇਲ ਗਿੱਲ, ਅਤੇ ਸੁਰਿੰਦਰ ਚਾਹਲ ਬੀ ਸੀ ਤੋਂ ਬਲਰਾਜ ਸ਼ੋਕਰ ?ਨਟਾਰੀ? ਤੋਂ ਗੁਰਨਾਮ ਸਿੰਘ ਮਾਨ ਅਤੇ ਤਰਨਦੀਪ ਮੰਡ ਅਲਬਰਟਾ ਤੋਂ ਚੁਣ ਲਏ ਗਏ ਹਨ। ਬਾਈ ਅਵਤਾਰ ਗਿੱਲ ਨੇ ਭਾਵੇਂ ਸਿਹਤ ਅਧਾਰ ਤੇ ਆਪਣੇ ਆਪ ਨੂੰ ਆਗੂ ਟੀਮ ਦੇ ਪੈਨਲ ਵਿੱਚੋਂ ਬਾਹਰ ਰੱਖਣ ਦੀ ਬੇਨਤੀ ਕੀਤੀ ਸੀ, ਪਰ ਸਮੁੱਚੇ ਇਜਲਾਸ ਨੇ ਸੁਸਾਇਟੀ ਪ੍ਰਤੀ ਵੱਡਮੁੱਲੀ ਦੇਣ ਨੂੰ ਧਿਆਨ ਵਿੱਚ ਰੱਖਦਿਆਂ ਉਨਾਂ ਨੂੰ ਤਰਕਸ਼ੀਲ ਸੁਸਾਇਟੀ ਕੈਨੇਡਾ ਦਾ ਸਰਪ੍ਰਸਤ ਬਣਾ ਕੇ ਨਿਵੇਕਲਾ ਮਾਣ ਦਿੱਤਾ ਹੈ।

**NOTICE TO FORMER EMPLOYEES OF 1099601 ALBERTA LTD (“*109*”) FORMERLY OPERATING AS REGENT PROTECTION SERVICES LTD. (“*REGENT*”) AND 1170689 ALBERTA LTD. (“*117*”) FORMERLY OPERATING AS PWM LOSS PREVENTION SERVICES INC. (“*PWM*”) TO CLAIM FUNDS HELD BY THE COURT APPOINTED RECEIVER OF 109 AND 117 (“*RECEIVER*”)**

Notice is hereby given to former employees of 109 and 117 that the Receiver holds funds for certain former employees as named in this notice. Should you see your name in this notice you are to contact the Receiver’s office at 403-260-2581 or email jacqueline.dowdell@ca.gt.com. If you do not contact the Receiver by July 15, 2024, any rights you may have to funds held by the Receiver may be forfeited.

**List of Former Employees:**

Paarth Chopra, Sukhpreet Kaur, Kuldeep Singh, Abdi Awad, Alfredo C Garcia, Amanpreet Chatrath, Ammon Ali, Arnel Ajos, Arwinder Gill, Avi Chagti, Emmanuel Cariazo, Eric Eze, Hasham Butt, Japinder Gill, Jay Cuesta, Karandeep Bhullar, Karandeep Gill, Keith Arnold Brown, Kristopher Borkowski, Maciej Bizon, Mohinder Dhandal, Muhammad Bajwa, Amad Ishaq, Ankush Malik, Christian Okoebor Josuae, Darren Kopitoski, Dennis Padron, Thomas Mulhearn, Umaer Muhammad Hassan, Umar Habib, Usman Munir, Eduardo Manas, Etefworkie Melku, Fred Osagie, Hartej Mehre, Jashandeep Pawar, Jeffrey Llanes, Justin Nyee, Kaustubh Pokhriyal, Kirandeep Heera, Rommel Lopez, Mandeep Madahar, Manjot Kaur, Muhammad Khan, Navjot Nagra, Omer Mohamed, Pol Ngeth, Prabhakaran Prabodh, Rashid Khan, Ravneet Kaur, Rishmandeep Kaur, Ryan Golding, Sabastian Neba, Sandeep Kaur, Sukhmanpreet Kaur, Tebongnue Newton, Ahmed Youssif, Abubaker Saeed, Barrister Uwaifo, Bhopinder Singh, Dean Wirth, Doreen Wanjiku, Fouad Rahmanfard, Gagandeep Singh, Gaganvir Singh, Ganesh Subramony, Gurinder Sandhu, Hong Fang Zhang, Jacques Randshuizen, Joel Salomons, Kamran Qureshi, Kashiv Sharma, Khan Tut, Muhammad Salah-Ud-Din, Pratik Sharma, Rekha Puthalath, Richard Rodgers, Saqib Rana, Subash Sharma, Sukhman Singh, Sukhmanpreet Singh, Sulman Sheikh and Sukhpreet Kaur

Grant Thornton




# ਮਦਰਜ-ਡੇਅ ਦੀਆਂ ਸ਼ੁੱਭ ਕਾਮਨਾਵਾਂ ਤੇ ਸਮੂਹ ਮਾਤਾਵਾਂ ਨੂੰ ਪ੍ਰਣਾਮ ਕਰਦਿਆਂ ਮਿਲਣੀ ਹੋਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ 13 ਮਈ 2024 ਵਾਲੀ ਮੀਟਿੰਗ ਦਿਲਾਵਰ ਸਿੰਘ ਸਮਰਾ ਅਤੇ ਪਰਸ਼ੋਤਮ ਦਾਸ ਭਾਰਦੁਵਾਜ ਦੀ ਪ੍ਰਧਾਨਗੀ ਹੇਠ ਹੋਈ ਜੋ ਜੱਗ ਜਨਣੀ ਔਰਤ ਨੂੰ ਸਮਰਪਤਿ ਰਹੀ। ਗੁਰਦਿਆਲ ਸਿੰਘ ਖਹਿਰਾ ਹੋਰਾਂ ਮਾਤਾਵਾਂ ਨੂੰ ਸ਼ੁੱਭ ਕਾਮਨਾਵਾਂ ਕਰਦੇ ਹੋਏ ਕਿਹਾ 'ਮਾਂ' ਇੱਕ ਅੱਖਰਾ ਸ਼ਬਦ ਹੈ ਏਸੇ ਵਿੱਚ ਸਾਰਾ ਸੰਸਾਰ ਸਮੋਇਆ ਹੋਇਆ ਹੈ।ਸੰਸਾਰ ਦਾ ਅੱਧਾ ਹਿੱਸਾ ਔਰਤਾਂ ਹਨ ਅਤੇ ਬਾਕੀ ਅੱਧਾ ਔਰਤਾਂ ਦੀ ਦੇਣ ਹੈ। ਵੱਡਮੁੱਲੇ ਸਾਹਿਤ ਦੇ ਰਚੇਤਾ ਡਾ, ਸੁਰਜੀਤ ਪਾਤਰ ਦੀ ਮੌਤ ਦੀ ਖਬਰ ਭਾਵਕ ਮਨ ਨਾਲ ਸਾਂਝੀ ਕੀਤੀ। ਸੁੱਖੀ ਕੁੰਡੂ ਨੇ ਮਾਂ ਦਿਵਸ ਤੇ ਬੋਲਦਿਆ ਕਿਹਾ ਮਾਂ ਦੀ ਗੋਦ ਬੱਚਿਆਂ ਦਾ ਪਹਿਲਾ ਵਹੀਕਲ ਹੈ ਜਿਸ ਦੇ ਮੋਡਿਆ ਤੇ ਬੈਠ ਕੇ ਹਰ ਥਾਂ ਜਾਣ ਆਉਣ ਹੁੰਦਾ ਹੈ। ਉਹਨਾਂ ਮਾਂ ਦੀ ਗੋਦ ਨੂੰ ਪਹਿਲਾ ਟੁਆਇਲਿਟ ਸੀਟ ਵੀ ਆਖਿਆ। ਬੀਬੀ ਮਨਦੀਪ ਕੌਰ ਨੇ ਸੁਰਜੀਤ ਪਾਤਰ ਦੀ ਵਿਦਾਇਗੀ ਤੇ ਦੁੱਖ ਦਾ ਇਜਹਾਰ ਕਰਦਿਆਂ ਉਨ੍ਹਾਂ ਦੀ ਲਿਖੀ ਗਜਲ ਨਾਲ ਸ਼ਰਧਾਂਜਲੀ ਦਿੱਤੀ " ਕੁੱਝ ਕਿਹਾ ਤਾਂ ਅੰਧੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ੁਮਾਂਦਾਨ ਕੀ ਕਹਿਣਗੇ " । ਚਰਨਜੀਤ ਕੌਰ ਨੇ "ਵਸੀਂ ਰਸੀਂ ਰੱਜ ਰੱਜ ਖਿੜਿਆ ਰਹੀਂ ਵੇ ਮੇਰੇ ਬਾਬਲ ਦਿਆ ਖੇੜਿਆ ਪੇਸ਼ ਕੀਤਾ। ਮਨਜੀਤ ਕੌਰ ਖਹਿਰਾ ਨੇ ਕਿਹਾ ਮਾਂ ਹੀ ਬੱਚਿਆ ਨੂੰ ਵਰਜਦੀ ਤੇ ਸਿਖਾਉਂਦੀ ਹੈ ਮਾਂ ਇਕ ਉਤਮ ਰਿਸ਼ਤਾ ਹੈ ਜੋ ਹਮੇਸ਼ਾ ਬੱਚਿਆਂ ਨੂੰ ਅਸੀਸਾਂ ਹੀ ਦੇਂਦੀ ਹੈ। ਸੁਨੀਤਾ ਸੱਚਦੇਵਾ ਨੇ ਬੜੇ ਸੁਚੱਜੇ ਸ਼ਬਦਾ ਵਿੱਚ ਮਮਤਾ ਨੂੰ ਸਲ੍ਹਾਉਂਦਿਆ ਲਾਲਾ ਹਰਦਿਆਲ ਦੀਆਂ ਟੂਕਾਂ ਲਿਖਿਆ ਮੈਂ ਮਾਂ ਦਾ ਨਾਂ ਕਲਮ ਬੋਲ ਉੱਠੀ" ਨਾਲ ਵਿੱਚਾਰ ਪ੍ਰਗਟਾਏ। ਹਰਿੰਦਰ ਕੌਰ ਮੁੰਡੀ ਨੇ ਮਾਵਾਂ ਨੂੰ ਆਪਣੇ ਸ਼ਬਦਾਂ ਵਿੱਚ ਮਹਾਨਤਾ ਦੀ ਪਾਤਰ ਕਿਹਾ, ਸ਼ਿਵ ਕੁਮਾਰ ਸ਼ਰਮਾਂ ਅਤੇ ਜਸਵੰਤ ਸਿੰਘ ਕਪੂਰ ਹੋਰਾਂ ਆਪਣੀ ਮੌਲਿਕ ਰਚਨਾ ਸੁਣਾਈ।।

ਜਰਨੈਲ ਸਿੰਘ ਤੱਗੜ ਨੇ ਕਿਹਾ ਮਾਂ ਦੀ ਦੁਆ ਕਦੀ ਖਾਲੀ ਨਹੀਂ ਜਾਂਦੀ, ਮਾਂ ਦੀ ਸੰਤਾਨ ਹੀ ਜਹਾਨ ਹੈ। ਬੀਬੀ ਗੁਰਨਾਮ ਕੌਰ ਅਤੇ ਗੁਰਜੀਤ ਕੌਰ ਬਾਵੇਜਾ ਨੇ ਇੱਕ ਸਕਿਟ ਦੇ ਰੂਪ ਵਿੱਚ ਨੂੰਹ ਸੱਸ ਦੀ ਵਾਰਤਾ ਖੂਬਸੂਰਤ ਢੰਗ ਨਾਲ ਪੇਸ਼ ਕੀਤੀ। ਬੀਬੀ ਚੰਚਲ ਨੇ ਕਿਹਾ ਔਰਤ ਪਤਨੀ ਦੇ ਰੂਪ ਵਿੱਚ ਇੱਕ ਨਰਸ ਦਾ ਕਿਰਦਾਰ ਨਿਭਾਉਂਦੀ ਹੈ। ਹਰਕੰਵਲਜੀਤ ਕੌਰ ਧਾਲੀਵਾਲ ਨੇ "ਆ ਲੈ ਮਾਂਏਂ ਸ਼ਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ, ਲੋਕ ਗੀਤ ਸੁਣਾਇਆ।

ਮੰਜੂ ਅਗਰਵਾਲ ਨੇ ਬੇਟੀ , ਭੈਣ ਅਤੇ ਪਤਨੀ ਦੇ ਰੂਪ ਵਿੱਚ ਸਾਡੇ ਸਮਾਜ ਵਿੱਚ ਔਰਤ ਦੀ ਦਸ਼ਾ ਪ੍ਰਤੀ ਖੁਲ੍ਹੇ ਵੀਚਾਰ ਹਾਜਰੀਨ ਕੋਲੋਂ ਵੀ ਲਏ। ਵੀਚਾਰ ਪ੍ਰਗਟਾਉਣ ਵਾਲਿਆਂ ਵਿੱਚ ਕਰਮ ਸਿੰਘ ਮੁੰਡੀ ਪਰਮਿੰਦਰ ਗਰੇਵਾਲ ਡਾ:ਭਗਤ ਸਿੰਘ ਅਟਵਾਲ, ਕਰਮ ਸਿੰਘ ਭੁੱਲਰ, ਅਤੇ ਸਾਬਕਾ ਐਮ ਪੀ ਜਗਦੀਪ ਸਹੋਤਾ ਸ਼ਾਮਿਲ ਹੋਏ, ਉਹਨਾਂ ਆਪਣੇ ਨਿੱਜੀ ਜੀਵਨ ਨਾਲ ਸਬੰਧਿਤ ਹਾਲਾਤਾਂ ਘਟਨਾਵਾਂ ਦਾ ਜਿਕਰ ਭਾਵੁਕ ਸ਼ਬਦਾਂ ਵਿੱਚ ਕੀਤਾ। ਅੰਤ ਵਿੱਚ ਸੁੱਖੀ ਨੇ ਬੁਲਾਰਿਆ ਦਾ ਤੇ ਇੱਕ ਸੌ ਵੀਹ ਮੈਬਰਾਂ ਵਾਲ਼ੀ ਹਾਜਰੀਨ ਦਾ ਧੰਨਵਾਦ ਕੀਤਾ।

# ਮਿੰਨੀ ਕਹਾਣੀ ਸੰਗ੍ਰਿਹ 'ਖੂਹ ਦੀਆਂ ਟਿੰਡਾਂ' ਲੋਕ ਅਰਪਣ ਕੀਤੀ ਗਈ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਈ ਮਹੀਨੇ ਦੀ ਮੀਟਿੰਗ ਵਿੱਚ ਨੌਜੁਆਨ ਲੇਖਕ ਰੁਪਿੰਦਰ ਥਰਾਜ (ਕੈਨੇਡਾ) ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਿਹ 'ਖੂਹ ਦੀਆਂ ਟਿੰਡਾਂ' ਲੋਕ ਅਰਪਣ ਕੀਤਾ ਗਿਆ। ਸਕੱਤਰ ਗੁਰਚਰਨ ਕੌਰ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਰੁਪਿੰਦਰ ਥਰਾਜ (ਕੈਨੇਡਾ) ਦੇ ਪਲੇਠੇ ਕਹਾਣੀ ਸੰਗ੍ਰਿਹ ਖੂਹ ਦੀਆਂ ਟਿੰਡਾਂ' ਬਾਰੇ ਗੱਲ ਤੋਰਦਿਆਂ ਦੱਸਿਆ ਕਿ 17 ਕਹਾਣੀਆਂ ਦੀ ਇਸ ਕਿਤਾਬ ਦੀਆਂ ਪਹਿਲੀਆਂ ਕੁੱਝ ਮਿੰਨੀ ਕਹਾਣੀਆਂ ਹਨ ਅਤੇ ਜਿਉਂ ਜਿਉਂ ਕਿਤਾਬ ਦੇ ਅਗਲੇਰੇ ਪੰਨਿਆਂ ਵੱਲ ਵਧਦੇ ਹਾਂ ਤਾਂ ਮਿੰਨੀ ਦੀ ਥਾਂ ਛੋਟੀ ਕਹਾਣੀ ਪੜ੍ਹਨ ਨੂੰ ਮਿਲਦੀ ਹੈ। ਇਹ ਪ੍ਰਕਰਣ ਲੇਖਕ ਦੀਆਂ ਕਹਾਣੀਆਂ ਦਾ ਲੰਮੀ ਕਹਾਣੀ ਵੱਲ ਵਿਕਾਸ ਦਰਸਾਉਂਦਾ ਹੈ। ਸਰਲ ਤੇ ਸਾਦੀ ਭਾਸ਼ਾ ਵਿੱਚ ਲਿਖੀਆਂ ਇਨ੍ਹਾਂ ਬਾਤਾਂ ਵਰਗੀਆਂ ਕਹਾਣੀਆਂ ਦੇ ਵਿਸ਼ੇ ਮੁੱਖ ਤੌਰ ਤੇ ਸਮਾਜਿਕ ਰਿਸ਼ਤਿਆਂ ਦੀ ਮਿਠਾਸ, ਰਿਸ਼ਤਿਆਂ ਦੇ ਨਿਭਾਅ, ਰਿਸ਼ਤਿਆਂ ਵਿਚਲੀ ਤਸੱਲੀ, ਤਲਖ਼ੀ, ਨਿੱਘ ਅਤੇ ਪਸਰ ਰਹੀਆਂ ਦੂਰੀਆਂ ਵਰਗੇ ਭਿੰਨ ਭਿੰਨ ਰੂਪਾਂ ਨੂੰ ਉਜਾਗਰ ਕਰਦੇ ਹਨ। ਬਲਵਿੰਦਰ ਕੌਰ ਬਰਾੜ ਨੇ ਲੇਖਕ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪਹਿਲੀ ਕਿਤਾਬ ਦਾ ਛੱਪਣਾ ਜਸ਼ਨ ਵਰਗਾ ਹੁੰਦਾ ਹੈ ਅਤੇ ਅਸੀਂ ਅੱਜ ਰੁਪਿੰਦਰ ਥਰਾਜ ਦੀ ਇਸ ਪਲੇਠੀ ਪੁਸਤਕ ਦਾ ਜਸ਼ਨ ਮਨਾ ਰਹੇ ਹਾਂ। ਲੇਖਣੀ ਦੀ ਪ੍ਰਕ੍ਰਿਆ ਬਾਰੇ ਗੱਲ ਕਰਦੇ ਦੱਸਿਆ ਕਿ ਲੇਖਕ ਜਦੋਂ ਕਿਸੇ ਘਟਨਾ ਨੂੰ ਘਟਦੀ ਵੇਖਦਾ ਹੈ ਤਾਂ ਕਹਾਣੀ ਲਿਖਣ ਲਈ ਉਸ ਘਟਨਾ ਨੂੰ ਆਪਣੇ ਅੰਦਰ ਬਾਰ ਬਾਰ ਜਿਉਂਦਾ ਹੈ। ਉਹ ਘਟਨਾ ਨੂੰ ਸੀਨੇ ਵਿੱਚ ਸਮੋਅ ਕੇ ਆਪਣੇ ਨਾਲ ਲੈ ਜਾਂਦਾ ਹੈ। ਆਪਣੇ ਸੀਨੇ ਵਿੱਚ ਜੀਰਦਾ ਰਹਿੰਦਾ ਹੈ ਜਦੋਂ ਤੱਕ ਅੱਖਰਾਂ ਦਾ ਜਾਮਾ ਨਾ ਪਹਿਨਾ ਦੇਵੇ। ਰੁਪਿੰਦਰ ਥਰਾਜ ਦੀਆਂ ਲਿਖੀਆਂ ਕਹਾਣੀਆਂ ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਰਲ, ਸਪਸ਼ਟ ਤੇ ਸਿੱਧੀਆਂ ਕਹਾਣੀਆਂ ਹਨ। ਪ੍ਰੰਤੂ ਅਜੋਕੀ ਕਹਾਣੀ ਸੂਖਮ ਤੇ ਕਲਾਤਮਿਕ ਹੋ ਗਈ ਹੈ ਅਤੇ ਜੇਕਰ ਕਹਾਣੀ ਦਾ ਟਾਕਰਾ ਅੱਜ ਦੀ ਕਹਾਣੀ ਨਾਲ ਨਹੀਂ ਕਰਦੇ ਤਾਂ ਕਹਾਣੀ ਮੇਚ ਦੀ ਨਹੀਂ ਲਗਦੀ। ਲੇਖਕ ਨੂੰ ਕਹਾਣੀ ਬਾਰੇ ਸੋਝੀ ਲੈਣ ਲਈ ਕਹਾਣੀਆਂ ਪੜ੍ਹਨ ਦੀ ਲੋੜ ਹੁੰਦੀ ਹੈ। ਲੇਖਕ ਕੋਲ ਵਿਸ਼ਿਆਂ ਦੀ ਘਾਟ ਨਹੀਂ, ਇਨ੍ਹਾਂ ਦੇ ਨਿਭਾਅ ਲਈ ਸ਼ਬਦਾਵਲੀ ਦੀ ਘਾਟ ਭਾਸਦੀ ਹੈ ਜੋ ਸਾਹਿਤ ਦੇ ਅਧਿਐਨ ਨਾਲ ਹੀ ਪੂਰੀ ਹੁੰਦੀ ਹੈ। ਜਸਵਿੰਦਰ ਸਿੰਘ ਰੁਪਾਲ ਨੇ ਕਿਤਾਬ ਬਾਰੇ ਗੱਲ ਕਰਦਿਆਂ ਕਿਹਾ ਕਿ ਨੌਜੁਆਨ ਲੇਖਕ ਵਲੋਂ 'ਖੂਹ ਦੀਆਂ ਟਿੰਡਾਂ' ਵਰਗੇ ਪੁਰਾਣੇ ਸਭਿਆਚਾਰ ਦੀ ਗੱਲ ਕਰਨੀ ਸ਼ੁਭ ਸ਼ਗਨ ਹੈ। ਸਿਕੰਦਰ ਸਿੰਘ ਨੇ ਆਪਣੇ ਦੋਸਤ ਨੂੰ ਉਸਦੀ ਲੇਖਣੀ ਦੇ ਕਿਤਾਬ ਰੂਪ ਵਿੱਚ ਛਪਣ ਤੇ ਨਿੱਘੀ ਵਧਾਈ ਦਿੱਤੀ। ਲੇਖਕ ਦੀ ਪਤਨੀ ਰਣਜੀਤ ਕੌਰ ਨੇ ਆਪਣੇ ਪਤੀ ਦੀ ਲੇਖਣੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਰੁਪਿੰਦਰ ਥਰਾਜ ਨੇ ਆਪਣੀ ਲੇਖਣ ਪ੍ਰਕ੍ਰਿਆ, ਕਿਤਾਬ ਦੀ ਛਪਾਈ ਅਤੇ ਕੈਨੇਡਾ ਆਉਣ ਦੇ ਸਫ਼ਰ ਬਾਰੇ ਸਾਂਝੀ ਪਾਈ। ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਆਪਣੇ ਸਕੂਲ ਦੇ ਪ੍ਰਿੰਸੀਪਲ ਪਰਮਿੰਦਰ ਸਿੰਘ ਨੂੰ ਸਤਿਕਾਰ ਸਹਿਤ ਆਪਣੀ ਪੁਸਤਕ ਭੇਂਟ ਕੀਤੀ। ਉਪਰੰਤ ਸਭਾ ਦੇ ਐਗਜ਼ੈਕਟਿਵ ਮੈਂਬਰਾਂ ਵਲੋਂ ਕਹਾਣੀ ਸੰਗ੍ਰਿਹ 'ਖੂਹ ਦੀਆਂ ਟਿੰਡਾਂ' ਲੋਕ ਅਰਪਣ ਕਰਨ ਦੀ ਰਸਮ ਨਿਭਾਈ ਗਈ।

ਡਾ: ਭਗਤ ਸਿੰਘ ਅਟਵਾਲ ਨੇ ਕਿਹਾ ਕਿ ਮੈਂ ਲੇਖਕ ਨਹੀਂ ਪਰ ਪੀ.ਐਚ.ਡੀ. ਦੇ ਥੀਸਜ਼ ਲਿਖੇ ਅਤੇ ਵਿਦਿਆਰਥੀਆਂ ਕੋਲੋਂ ਲਿਖਵਾਏ ਹਨ। ਪ੍ਰੰਤੂ ਲੇਖਕ ਇੱਕ ਰਚਨਾਕਾਰ ਹੁੰਦਾ ਹੈ ਜੋ ਇਲਮ ਅਤੇ ਅਲਫ਼ਾਜ਼ਾਂ ਦਾ ਸੁਮੇਲ ਕਰ ਰਚਨਾ ਲਿਖਦਾ ਹੈ। ਮੇਰੀ ਨਜ਼ਰ ਵਿੱਚ ਲੇਖਕ ਦੀ ਕਦਰ ਰੱਬ ਜਿੰਨੀ ਹੈ।ਰਮਨਜੀਤ ਸਿੰਘ ਵਿਰਕ ਨੇ ਰੁਪਿੰਦਰ ਥਰਾਜ ਦੇ ਲੇਖਣ ਉਪਾਰਲੇ ਨੂੰ ਸਲਾਮ ਕਰਦਿਆਂ ਕਿਹਾ ਕਿ ਲਿਖਤ ਲੇਖਕ ਦੀ ਲੰਮੀ ਘਾਲਣਾ ਹੁੰਦੀ ਹੈ। ਪਰਮਜੀਤ ਸਿੰਘ ਭੰਗੂ, ਗੁਰਮੀਤ ਸਿੰਘ ਤੰਬੜ ਡਾ: ਸੁਖਵਿੰਦਰ ਸਿੰਘ ਥਿੰਦ, ਅਮਰਜੀਤ ਕੌਰ ਢਿਲੋਂ, ਜਸਵੰਤ ਸਿੰਘ ਸੇਖੋਂ,ਇੰਜ: ਜੀਰ ਸਿੰਘ ਬਰਾੜ,ਜਰਨੈਲ ਸਿੰਘ ਤੱਗੜ,ਸਰਦੂਲ ਸਿੰਘ ਲੱਖਾ, ਪਰਮਿੰਦਰ ਰਮਨ, ਅਤੇ ਤੇਜਾ ਸਿੰਘ ਪ੍ਰੇਮੀ ਨੇ ਕਵੀ ਅਵਤਾਰ ਪਾਸ਼ ਦੀ ਕਵਿਤਾ, 'ਕ੍ਰਿਤੀ ਦੀਏ ਕੁੱਲੀਏ ਲੱਖ ਲੱਖ ਦਾ ਤੇਰਾ ਇੱਕ ਕੱਖ ਨੀ' ਨਾਲ ਮੰਚ ਉਪਰੋਂ ਸਾਂਝ ਪਾਈ।ਰੂਪ ਸਿੰਘ ਮੈਨੇਜਰ, ਨਸੀਬ ਵਾਹਰਾ, ਦਲਜੀਤ ਕੌਰ, ਸੁਰਿੰਦਰ ਕੌਰ ਚੀਮਾ, ਅਮਰਜੀਤ ਕੌਰ, ਬਲਜਿੰਦਰ ਕੌਰ, ਅਮਰਪਾਲ ਕੌਰ, ਅਵਤਾਰ ਕੌਰ ਤੱਗੜ, ਗੁਰਪ੍ਰੀਤ ਸਿੰਘ ਅਤੇ ਛੋਟੇ ਬੱਚਿਆਂ ਦੀ ਹਾਜ਼ਰੀ ਵਿਸ਼ੇਸ਼ ਜ਼ਿਕਰਯੋਗ ਰਹੀ।

# ਈਰਾਨ ਦੇ ਰਾਸ਼ਟਰਪਤੀ ਸਮੇਤ 9 ਜਣਿਆਂ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਈਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਈਸੀ ਦੀ ਹੈਲੀਕਾਪਟਰ ਹਾਦਸੇ ਵਿੱਚ ਮੌਤ ਹੋ ਗਈ ਹੈ। ਰਈਸੀ ਦੇ ਨਾਲ ਹੈਲੀਕਾਪਟਰ 'ਚ ਸਵਾਰ ਵਿਦੇਸ਼ ਮੰਤਰੀ ਹੁਸੈਨ ਅਮੀਰ ਬਦੁੱਲਿਆਨ ਦੀ ਵੀ ਮੌਤ ਦੀ ਸੂਚਨਾ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਉਹਨਾਂ ਦੇ ਹੈਲੀਕਾਪਟਰ ਦਾ ਮਲਬਾ ਅਜ਼ਰਬਾਈਜਾਨ ਦੀਆਂ ਪਹਾੜੀਆਂ ਤੋਂ ਮਿਲਿਆ ਸੀ। ਇਸ ਵਿੱਚ ਰਾਸ਼ਟਰਪਤੀ ਰਈਸੀ ਸਮੇਤ 9 ਲੋਕ ਸਨ। ਹੈਲੀਕਾਪਟਰ ਸਥਾਨਕ ਸਮੇਂ ਅਨੁਸਾਰ ਐਤਵਾਰ ਸ਼ਾਮ ਕਰੀਬ 7 ਵਜੇ ਅਜ਼ਰਬਾਈਜਾਨ ਨੇੜੇ ਲਾਪਤਾ ਹੋ ਗਿਆ। ਰਾਤ ਭਰ ਇਸ ਦੀ ਭਾਲ ਕੀਤੀ ਜਾ ਰਹੀ ਸੀ। ਇਲਾਕੇ 'ਚ ਭਾਰੀ ਬਰਸਾਤ, ਧੁੰਦ ਅਤੇ ਠੰਢ ਕਾਰਨ ਤਲਾਸ਼ 'ਚ ਮੁਸ਼ਕਲਾਂ ਆਈਆਂ। ਇਸ ਦੌਰਾਨ ਤਿੰਨ ਬਚਾਅ ਕਰਮਚਾਰੀ ਵੀ ਲਾਪਤਾ ਹੋ ਗਏ। ਰਾਸ਼ਟਰਪਤੀ ਰਈਸੀ ਅਤੇ ਵਿਦੇਸ਼ ਮੰਤਰੀ ਹੁਸੈਨ ਤੋਂ ਇਲਾਵਾ, ਹੈਲੀਕਾਪਟਰ ਵਿੱਚ ਪੂਰਬੀ ਅਜ਼ਰਬਾਈਜਾਨ ਸੂਬੇ ਦੇ ਗਵਰਨਰ ਮਲਿਕ ਰਹਿਮਤੀ, ਤਬਰੀਜ਼ ਦੇ ਇਮਾਮ ਮੁਹੰਮਦ ਅਲੀ ਅਲੀਹਾਸ਼ੇਮ, ਇੱਕ ਪਾਇਲਟ, ਸਹਿ-ਪਾਇਲਟ, ਚਾਲਕ ਦਲ ਦੇ ਮੁਖੀ, ਸੁਰੱਖਿਆ ਮੁਖੀ ਅਤੇ ਬਾਡੀਗਾਰਡ ਸਵਾਰ ਸਨ। ਈਰਾਨ ਦੇ ਸਰਕਾਰੀ ਮੀਡੀਆ ਅਨੁਸਾਰ, ਰਈਸੀ 19 ਮਈ ਨੂੰ ਅਜ਼ਰਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ ਨਾਲ ਇੱਕ ਡੈਮ ਦਾ ਉਦਘਾਟਨ ਕਰਨ ਗਏ ਸਨ। ਵਾਪਸ ਪਰਤਦੇ ਸਮੇਂ ਇਹ ਹਾਦਸਾ ਅਜ਼ਰਬਾਈਜਾਨ ਦੀ ਸਰਹੱਦ ਨੇੜੇ ਈਰਾਨ ਦੇ ਵਰਜ਼ੇਘਾਨ ਸ਼ਹਿਰ ਵਿੱਚ ਵਾਪਰਿਆ। ਰਾਸ਼ਟਰਪਤੀ ਇਬਰਾਹਿਮ ਰਈਸੀ ਦੀ ਮੌਤ 'ਤੇ ਦੁਨੀਆਂ ਦੇ ਵੱਖ ਵੱਖ ਆਗੂਆਂ ਨੇ ਦੁੱਖ ਦਾ ਇਜ਼ਹਾਰ ਕੀਤਾ ਹੈ। ਵਰਨਣਯੋਗ ਹੈ ਕਿ ਈਰਾਨ, ਮੱਧ ਪੂਰਬੀ ਏਸ਼ੀਆ ਵਿੱਚ ਇੱਕ ਸ਼ੀਆ ਮੁਸਲਮਾਨਾਂ ਦੀ ਬਹੁਲਤਾ ਵਾਲਾ ਅਜਿਹਾ ਦੇਸ਼ ਹੈ ਜੋ ਅਜਿਹੇ ਸਮੇਂ ਵਿੱਚ ਆਪਣੇ ਦੋ ਨੇਤਾਵਾਂ ਨੂੰ ਗੁਆ ਚੁੱਕਾ ਹੈ ਜਦੋਂ ਇਜ਼ਰਾਈਲ ਨਾਲ ਉਸਦੇ ਸਬੰਧ ਟਕਰਾਅ ਦੀ ਸਥਿਤੀ ਤੱਕ ਵਿਗੜ ਗਏ ਹਨ। ਜਿਸ ਦਾ ਐਲਾਨ ਈਰਾਨ ਦੇ ਸਰਵਉੱਚ ਧਾਰਮਿਕ ਨੇਤਾ ਅਯਾਤੁੱਲਾ ਖਮੇਨੀ ਨੇ ਕੀਤਾ ਹੈ ।ਈਰਾਨ ਦੇ ਸਰਵਉੱਚ ਧਾਰਮਿਕ ਨੇਤਾ ਅਯਾਤੁੱਲਾ ਖਮੇਨੀ ਨੇ ਰਾਸ਼ਟਰਪਤੀ ਰਾਇਸੀ ਦੇ ਦੇਹਾਂਤ 'ਤੇ ਦੇਸ਼ 'ਚ 5 ਦਿਨਾਂ ਦੇ ਸਰਕਾਰੀ ਸੋਗ ਦਾ ਐਲਾਨ ਕੀਤਾ ਹੈ।

AERO SIGN & PRINT INC.
RELIABLE AND AFFORDABLE
www.aerosign.ca
WHOLESALE
CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

Sidhu Accounting & Financial Services

Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ

ਇਮੀਗ੍ਰੇਸ਼ਨ ਸੇਵਾਵਾਂ
•ਮਾਪਿਆਂ ਲਈ ਸੁਪਰ ਵੀਜ਼ਾ •ਪਰਿਵਾਰਕ ਸਪਾਂਸਰਸ਼ਿਪ
•ਐਲ ਐਮ ਓ ਐਪਲੀਕੇਸ਼ਨ •ਵਰਕ ਪਰਮਿਟ
•ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads

First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE

NAVDEEP JASWAL
Financial Advisor
403 909 4141

INDIA PALACE
RESTAURANT & SWEETS

ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

# ਸੰਪਾਦਕੀ



ਸੋਸ਼ਲ ਮੀਡੀਆ ਨੇ ਤਬਦੀਲੀ ਦੀ ਤਾਂਘ ਜਗਾਈ ਹੈ।
-ਐਰਿਕ ਕੁਆਲਮਨ

## ਬੇਘਰ ਹੁੰਦੇ ਲੋਕ

ਹਰ ਸਾਲ ਦੁਨੀਆ ਭਰ ਵਿੱਚ ਲੱਖਾਂ ਲੋਕ ਬੇਘਰ ਹੋ ਜਾਂਦੇ ਹਨ ਅਤੇ ਅਣਗਿਣਤ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਪਰ ਇੱਕੀਵੀਂ ਸਦੀ ਦਾ ਸਫ਼ਰ ਸ਼ੁਰੂ ਕਰ ਰਹੀ ਦੁਨੀਆਂ ਵਿੱਚ ਵੀ ਕੋਈ ਅਜਿਹੀ ਠੋਸ ਪਹਿਲਕਦਮੀ ਨਜ਼ਰ ਨਹੀਂ ਆ ਰਹੀ, ਜਿਸ ਵਿੱਚ ਜੜ੍ਹਾਂ ਤੋਂ ਉਖੜ ਚੁੱਕੇ ਲੋਕਾਂ ਦੀ ਦੁਰਦਸ਼ਾ ਨੂੰ ਧਿਆਨ ਵਿੱਚ ਰੱਖਿਆ ਜਾ ਸਕੇ ਅਤੇ ਲੰਮੇ ਸਮੇਂ ਦੇ ਹੱਲ ਦਾ ਰਾਹ ਪੱਧਰਾ ਕੀਤਾ ਜਾ ਸਕੇ। ਤਿਆਰ ਕੀਤਾ ਜਾ ਸਕਦਾ ਹੈ। ਇਹ ਬਿਨਾਂ ਕਾਰਨ ਨਹੀਂ ਹੈ ਕਿ ਅੱਜ ਵੀ ਵੱਡੀ ਗਿਣਤੀ ਵਿਚ ਵੱਖ-ਵੱਖ ਦੇਸ਼ਾਂ ਦੇ ਲੋਕ ਆਪਣੇ ਘਰ ਛੱਡ ਕੇ ਹੋਰ ਥਾਵਾਂ 'ਤੇ ਜਾਣ ਲਈ ਮਜਬੂਰ ਹਨ। ਵਾਰ-ਵਾਰ ਰਿਪੋਰਟਾਂ ਵਿੱਚ ਇਸ ਸਮੱਸਿਆ ਦੀਆਂ ਪੇਚੀਦਗੀਆਂ ਵੱਲ ਧਿਆਨ ਦਿਵਾਇਆ ਗਿਆ ਹੈ, ਪਰ ਹੁਣ ਤੱਕ ਉਜਾੜੇ ਦਾ ਸਿਲਸਿਲਾ ਬੇਰੋਕ ਜਾਰੀ ਹੈ। ਹੁਣ, ਜੇਨੇਵਾ ਸਥਿਤ ਇੰਟਰਨਲ ਡਿਸਪਲੇਸਮੈਂਟ ਮਾਨੀਟਰਿੰਗ ਸੈਂਟਰ (ਆਈਡੀਐਮਸੀ) ਦੀ ਤਾਜ਼ਾ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਾਲ 2023 ਵਿੱਚ ਦੱਖਣੀ ਏਸ਼ੀਆ ਵਿੱਚ ਕੁੱਲ 99 ਹਜ਼ਾਰ ਲੋਕਾਂ ਨੂੰ ਵਿਸਥਾਪਨ ਦਾ ਸ਼ਿਕਾਰ ਹੋਣਾ ਪਿਆ। ਇਸ ਵਿਚ ਇਕੱਲੇ ਮਣੀਪੁਰ ਤੋਂ 60,000 ਲੋਕ ਬੇਘਰ ਹੋਏ ਸਨ। ਇਸ ਦਾ ਮਤਲਬ ਹੈ ਕਿ ਦੱਖਣੀ ਏਸ਼ੀਆ ਦੇ ਸਾਰੇ ਦੇਸ਼ਾਂ ਵਿੱਚ, ਜਿਨ੍ਹਾਂ ਲੋਕਾਂ ਨੂੰ ਆਪਣੇ ਸਥਾਨਾਂ ਤੋਂ ਉਜਾੜਨਾ ਪਿਆ, ਉਨ੍ਹਾਂ ਵਿੱਚੋਂ 97 ਪ੍ਰਤੀਸ਼ਤ ਮਨੀਪੁਰ ਦੇ ਹਨ। ਜ਼ਿਕਰਯੋਗ ਹੈ ਕਿ ਭਾਰਤ 'ਚ 2018 ਤੋਂ ਬਾਅਦ ਭਾਵ ਪਿਛਲੇ ਪੰਜ ਸਾਲਾਂ 'ਚ ਇਹ ਸਭ ਤੋਂ ਵੱਡਾ ਉਜਾੜਾ ਹੈ। ਜਿੱਥੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹੜ੍ਹਾਂ ਜਾਂ ਹੋਰ ਕੁਦਰਤੀ ਆਫ਼ਤਾਂ ਅਤੇ ਰੋਜ਼ੀ-ਰੋਟੀ ਵਰਗੇ ਕਾਰਨਾਂ ਕਰਕੇ ਲੋਕਾਂ ਨੂੰ ਆਪਣੇ ਬਚਾਅ ਦੀ ਭਾਲ ਵਿੱਚ ਹੋਰ ਥਾਵਾਂ 'ਤੇ ਜਾਣਾ ਪਿਆ, ਉੱਥੇ ਮਨੀਪੁਰ ਵਿੱਚ ਫੈਲੀ ਹਿੰਸਾ ਨੇ ਹਜ਼ਾਰਾਂ ਲੋਕਾਂ ਨੂੰ ਉੱਥੋਂ ਹਿਜਰਤ ਕਰਨ ਲਈ ਮਜਬੂਰ ਕਰ ਦਿੱਤਾ। ਆਈ ਡੀ ਐਮ ਸੀ ਨੇ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਹੈ ਕਿ ਮਾਰਚ 2023 ਵਿੱਚ ਮਨੀਪੁਰ ਹਾਈ ਕੋਰਟ ਵੱਲੋਂ ਮੇਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ ਵਿੱਚ ਸ਼ਾਮਲ ਕੀਤੇ ਜਾਣ ਬਾਰੇ ਆਪਣਾ ਸਟੈਂਡ ਪ੍ਰਗਟ ਕੀਤੇ ਜਾਣ ਤੋਂ ਬਾਅਦ, ਰਾਜ ਦੇ ਵੱਡੇ ਹਿੱਸਿਆਂ ਵਿੱਚ ਹਿੰਸਕ ਪ੍ਰਦਰਸ਼ਨ ਸ਼ੁਰੂ ਹੋ ਗਏ। ਇਸ ਵਿੱਚ ਦੋ ਸੌ ਦੇ ਕਰੀਬ ਲੋਕ ਆਪਣੀ ਜਾਨ ਗੁਆ ਚੁੱਕੇ ਹਨ ਅਤੇ ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣਾ ਘਰ ਛੱਡ ਕੇ ਰਾਹਤ ਕੈਂਪਾਂ ਜਾਂ ਹੋਰ ਥਾਵਾਂ 'ਤੇ ਸ਼ਰਨ ਲੈਣੀ ਪਈ ਹੈ। ਅੱਜ ਵੀ ਉੱਥੇ ਦੀ ਸਥਿਤੀ ਵਿੱਚ ਕੋਈ ਖਾਸ ਸੁਧਾਰ ਨਹੀਂ ਹੋਇਆ ਹੈ। ਜ਼ਾਹਿਰ ਹੈ ਕਿ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਸਰਕਾਰ ਸਾਧਾਰਨ ਝਗੜੇ ਤੋਂ ਪੈਦਾ ਹੋਈ ਸਥਿਤੀ ਨੂੰ ਸੰਭਾਲਣ ਵਿੱਚ ਅਜੇ ਤੱਕ ਨਾਕਾਮ ਰਹੀ ਹੈ ਅਤੇ ਹਿੰਸਕ ਟਕਰਾਅ ਕਾਰਨ ਖੱਜਲ-ਖੁਆਰ ਹੋਏ ਲੋਕਾਂ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਦੁਨੀਆਂ ਭਰ ਵਿੱਚ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਕਿਤੇ ਨਾ ਕਿਤੇ ਵੱਸਣਾ ਔਖਾ ਲੱਗਦਾ ਹੈ ਤੇ ਕਈਆਂ ਨੇ ਘਰ ਬਣਾ ਲਿਆ ਹੈ। ਪਰ ਇਸ ਤੋਂ ਵੱਧ ਦੁਖਦਾਈ ਗੱਲ ਹੋਰ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੂੰ ਉਹ ਥਾਂ ਛੱਡ ਕੇ ਕਿਤੇ ਹੋਰ ਜਾਣਾ ਪੈਂਦਾ ਹੈ, ਜਿਨ੍ਹਾਂ ਕਾਰਨਾਂ ਲਈ ਉਹ ਜ਼ਿੰਮੇਵਾਰ ਨਹੀਂ ਹਨ। ਇੰਨਾ ਹੀ ਨਹੀਂ, ਜਦੋਂ ਆਪਣੀ ਥਾਂ ਤੋਂ ਵਾਂਝੇ ਹੋਏ ਲੋਕ ਰਹਿਣ ਲਈ ਥਾਂ ਦੀ ਭਾਲ ਵਿਚ ਬਾਹਰ ਨਿਕਲਦੇ ਹਨ ਤਾਂ ਅਖੌਤੀ ਸੱਭਿਅਕ ਪ੍ਰਣਾਲੀਆਂ ਵਾਲੇ ਲੋਕਤੰਤਰੀ ਦੇਸ਼ਾਂ ਵਿਚ ਵੀ ਉਨ੍ਹਾਂ ਲਈ ਜਿਊਣਾ ਆਸਾਨ ਨਹੀਂ ਹੁੰਦਾ। ਇਸ ਤੋਂ ਵੱਧ ਅਫਸੋਸ ਦੀ ਗੱਲ ਕੀ ਹੋ ਸਕਦੀ ਹੈ ਕਿ ਦੁਨੀਆ ਦੇ ਆਧੁਨਿਕ ਹੋਣ ਦੇ ਦਾਅਵਿਆਂ ਦੇ ਵਿਚਕਾਰ, ਪਿਛਲੇ ਦੋ ਸਾਲਾਂ ਵਿੱਚ ਸੰਘਰਸ਼ ਅਤੇ ਹਿੰਸਾ ਕਾਰਨ ਆਪਣੇ ਘਰ ਛੱਡਣ ਲਈ ਮਜਬੂਰ ਲੋਕਾਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ। ਹੁਣ ਇਹ ਸਮੱਸਿਆ ਦੁਨੀਆ ਦੇ ਉਨ੍ਹਾਂ ਹਿੱਸਿਆਂ ਵਿੱਚ ਫੈਲ ਰਹੀ ਹੈ ਜਿੱਥੇ ਸਥਿਤੀ ਵਿੱਚ ਸੁਧਾਰ ਹੋ ਰਿਹਾ ਸੀ। ਹਿੰਸਾ ਜਾਂ ਟਕਰਾਅ ਨੂੰ ਰੋਕਣ ਅਤੇ ਸ਼ਾਂਤੀ ਸਥਾਪਤ ਕਰਨ ਵਿੱਚ ਅਸਫਲਤਾ ਅਸਲ ਵਿੱਚ ਦੁਨੀਆ ਭਰ ਦੇ ਸੰਕਟਗ੍ਰਸਤ ਖੇਤਰਾਂ ਵਿੱਚ ਸਮਰੱਥ ਦੇਸ਼ਾਂ ਦੁਆਰਾ ਕੂਟਨੀਤਕ ਅਤੇ ਰਣਨੀਤਕ ਯਤਨਾਂ ਦੀ ਮਹਿਜ਼ ਦਿਖਾਵਾ ਹੀ ਨਜ਼ਰ ਆਉਂਦਾ ਹੈ।

ਅਮਨਦੀਪ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਠੂਠਾ ਜਾਂ ਨੌਕਰੀ



ਗੁਰਮੀਤ ਸਿੰਘ ਪਲਾਹੀ

**ਦੇਸ਼ ਦੀ ਰਾਜਨੀਤੀ ਵਿਚ ਸਿਆਸੀ-ਸਮਾਜਿਕ ਕੰਮ ਕਰਨ ਵਾਲੇ ਕਾਰਕੁੰਨਾਂ ਦਾ ਪ੍ਰਭਾਵ ਸੀ, ਉਦੋਂ ਤੱਕ ਲੋਕਾਂ ਦੇ ਮਸਲੇ, ਸਰੋਕਾਰ ਚੋਣਾਂ 'ਚ ਮੁੱਖ ਮੁੱਦਾ ਬਣਦੇ ਰਹੇ। ਇਹੀ ਸਿਆਸੀ-ਸਮਾਜੀ ਕਾਰਕੁੰਨ ਸਮਾਜ ਨੂੰ ਪੜ੍ਹਦੇ ਸਨ, ਸਮਾਜ ਨੂੰ ਇਕ ਪ੍ਰਯੋਗਸ਼ਾਲਾ ਸਮਝਦੇ ਹੋਏ, ਦਲੀਲਾਂ ਨਾਲ ਲੋਕ ਕਚਹਿਰੀ 'ਚ ਪੁੱਜਦੇ ਸਨ। ਦਲੀਲ-ਰਾਜਨੀਤੀ ਕਰਦਿਆਂ ਪੂਰੀ ਕਠੋਰਤਾ ਨਾਲ ਆਪਣਾ ਪੱਖ ਪੇਸ਼ ਕਰਦੇ ਸਨ। ਇਸ ਕਾਰਨ ਸਰਵਜਨਕ ਲੋਕ ਪੱਖੀ ਨੀਤੀਆਂ ਸਰਕਾਰਾਂ ਨੂੰ ਬਨਾਉਣੀਆਂ ਅਤੇ ਅਪਨਾਉਣੀਆਂ ਪੈਂਦੀਆਂ ਸਨ।**

ਦੇਸ਼ ਭਾਰਤ ਦੀ ਹਾਕਮ ਧਿਰ ਜਦੋਂ ਕਹਿੰਦੀ ਹੈ ਕਿ ਅਸੀਂ ਦੇਸ਼ ਦੇ 84 ਕਰੋੜ ਲੋਕਾਂ ਨੂੰ ਹਰ ਮਹੀਨੇ 5 ਕਿਲੋ ਅਨਾਜ ਮੁਫ਼ਤ ਦਿੰਦੇ ਹਾਂ ਤਾਂ ਵਿਰੋਧੀ ਧਿਰ ਕਹਿੰਦੀ ਹੈ ਪੰਜ ਕਿਲੋ ਅਨਾਜ ਤਾਂ ਕੁਝ ਵੀ ਨਹੀਂ, ਅਸੀਂ ਹਰ ਮਹੀਨੇ ਦਸ ਕਿਲੋ ਮੁਫ਼ਤ ਅਨਾਜ ਦੇਵਾਂਗੇ। ਬਹੁਤ ਹੀ ਖ਼ਤਰਨਾਕ ਪਹਿਲੂ ਹੈ ਇਹ, ਵੋਟਰ ਹੱਥ ਭੀਖ ਦਾ ਠੂਠਾ ਫੜਾ ਕੇ ਉਸਨੂੰ ਵੋਟਾਂ ਦੇ ਭਰਮ ਜਾਲ 'ਚ ਫਸਾਉਣਾ।

ਦੇਸ਼ ਦੇ ਹਾਕਮ ਕਹਿੰਦੇ ਹਨ ਅਸੀਂ ਕਰੋੜਾਂ ਔਰਤਾਂ ਨੂੰ ਲੱਖਪਤੀ ਦੀਦੀ ਬਣਾ ਦਿਆਂਗੇ। ਉਹ ਇਹ ਵੀ ਕਹਿੰਦੇ ਹਨ ਕਿ ਅਸੀਂ ਔਰਤਾਂ ਨੂੰ ਗੈਸ ਦੇ ਚੁੱਲ੍ਹੇ ਦਿੱਤੇ, ਅਸੀਂ ਪੀਣ ਦਾ ਪਾਣੀ ਉਪਲਬਧ ਕਰਵਾਇਆ, ਅਸੀਂ ਟਾਇਲਟ ਬਣਵਾਏ, ਕਿਸਾਨਾਂ ਨੂੰ ਸਲਾਨਾ 6000 ਰੁਪਏ ਦਿੱਤੇ ਅਤੇ ਜੇਕਰ ਤੀਜੀ ਵਾਰ ਜਿੱਤ ਗਏ ਤਾਂ ਅਸੀਂ ਮੁਫ਼ਤ ਬਿਜਲੀ, ਮੁਫ਼ਤ ਪਾਣੀ, ਮੁਫ਼ਤ ਅਨਾਜ, ਮੁਫ਼ਤ ਪ੍ਰਵਾਸ ਦਿਆਂਗੇ।

ਵਿਰੋਧੀ ਧਿਰ ਵੀ ਚੋਣ ਲਾਰਿਆਂ, ਵਾਅਦਿਆਂ ਤੋਂ ਪਿੱਛੇ ਨਹੀਂ ਹਟ ਰਹੀ, ਕਹਿੰਦੀ ਹੈ, ਖਾਸ ਤੌਰ ਤੇ ਕਾਂਗਰਸ ਕਿ ਅਸੀਂ ਚੋਣਾਂ ਜਿੱਤਣ ਦੇ ਬਾਅਦ ਪਹਿਲੇ ਮਹੀਨੇ ਹਰ ਗਰੀਬ ਔਰਤ ਦੇ ਖਾਤੇ 8500 ਰੁਪਏ ਹਰ ਮਹੀਨੇ ਪਾਵਾਂਗੇ। ਅਸੀਂ ਕਰੋੜਾਂ ਲੱਖਪਤੀ ਦੇਸ਼ 'ਚ ਪੈਦਾ ਕਰਾਂਗੇ।

ਜਿਉਂ-ਜਿਉਂ ਲੰਮੀਆਂ ਖਿੱਚੀਆਂ ਲੋਕ ਸਭਾ ਚੋਣਾਂ ਆਪਣੇ ਅੰਤਮ ਪੜਾਅ ਵੱਲ ਵਧ ਰਹੀਆਂ ਹਨ, ਹਾਕਮੀ ਧਿਰ ਤੇ ਵਿਰੋਧੀ ਧਿਰ ਦੀਆਂ ਲੋਕ ਗਰੰਟੀਆਂ, ਚੋਣ ਸੁਪਨੇ ਵੱਡੇ ਤੇ ਦਿਲਕਸ਼ ਹੋ ਰਹੇ ਹਨ ਤਾਂ ਕਿ ਵੋਟਰਾਂ ਨੂੰ ਭਰਮਾਇਆ ਜਾ ਸਕੇ?

ਚੋਣਾਂ 'ਚ ਹਰ ਧਿਰ ਵੱਲੋਂ ਵੋਟਰਾਂ ਨੂੰ ਸੁਪਨੇ ਦਿਖਾਏ ਜਾ ਰਹੇ ਹਨ, ਲਗਭਗ ਹਰ ਧਿਰ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਕਰ ਰਹੀ ਹੈ। ਦੇਸ਼ ਦੇ ਲੋਕਾਂ ਨੂੰ ਦੇਸ਼ ਦੀ ਬਦਤਰ ਆਰਥਿਕ ਸਥਿਤੀ ਦੇ ਹਾਲਾਤ ਦੱਸਣ ਦੀ ਬਜਾਏ, ਉਹਨਾਂ ਨੂੰ ਚੰਗੀਆਂ ਸਿਹਤ ਸਹੂਲਤਾਂ, ਚੰਗੀਆਂ ਸਿੱਖਿਆ ਸਹੂਲਤਾਂ, ਰੁਜ਼ਗਾਰ ਦੇਣ ਦੀ ਬਜਾਏ ਮੁਫ਼ਤ ਸਹੂਲਤਾਂ ਦੇਣ ਦੇ ਰਾਹ ਪਾ ਰਹੇ ਹਨ। ਉਹਨਾਂ ਦਾ ਅਸਲ ਮਨੋਰਥ ਹਰ ਹੀਲੇ ਵੋਟਾਂ ਹਾਸਿਲ ਕਰਨਾ ਹੈ।

ਚੋਣਾਂ ਦੇ ਮੌਜੂਦਾ ਚੋਣ ਦੰਗਲ ਵਿਚ ਜਿਸ ਤਰ੍ਹਾਂ ਦਾ ਚੋਣ ਪ੍ਰਚਾਰ ਰੇਡੀਓ, ਟੀ.ਵੀ., ਸੋਸ਼ਲ ਮੀਡੀਆ ਉੱਤੇ ਹੋ ਰਿਹਾ ਹੈ, ਉਸ ਤੋਂ ਇੰਜ ਜਾਪਣ ਲੱਗ ਪਿਆ ਹੈ ਕਿ ਨੇਤਾਵਾਂ ਨੂੰ ਲੋਕਾਂ ਦੀਆਂ ਵੋਟਾਂ ਦੀ ਹੀ ਪ੍ਰਵਾਹ ਹੈ, ਦੇਸ਼ ਦੀ ਨਹੀਂ। ਇੰਜ ਵੀ ਜਾਪਣ ਲੱਗ ਪਿਆ ਹੈ ਨੇਤਾਵਾਂ ਦੇ ਭਾਸ਼ਣਾਂ ਤੋਂ ਕਿ ਉਹ ਲੋਕਾਂ ਨੂੰ ਜੋ ਮੁਫ਼ਤ ਸਹੂਲਤਾਂ ਦੇਣ ਦੇ ਵਾਇਦੇ ਦੇ ਰਹੇ ਹਨ, ਉਹ ਧੰਨ ਉਹਨਾਂ ਦੀ ਜੇਬ ਵਿਚੋਂ ਜਾਏਗਾ ਅਤੇ ਇਹ ਧੰਨ ਜੋ ਉਹ ਲੋਕਾਂ ਨੂੰ ਦੇਣ ਦੀ ਗੱਲ ਕਰਦੇ ਹਨ ਸਰਕਾਰੀ ਖਜ਼ਾਨੇ ਦਾ ਨਹੀਂ, ਉਹਨਾਂ ਦਾ ਆਪਣਾ ਨਿੱਜੀ ਧਨ ਹੈ।

ਦੇਸ਼ ਭਾਰਤ ਵਿਕਸਤ ਦੇਸ਼ ਬਨਣ ਵੱਲ ਅੱਗੇ ਵਧਣਾ ਚਾਹੁੰਦਾ ਹੈ। ਚੋਣਾਂ 'ਚ ਦੇਸ਼ ਨੂੰ ਵਿਕਸਤ ਭਾਰਤ ਬਣਾਉਣ ਦੀ ਗੱਲ ਵੀ ਹੋ ਰਹੀ ਹੈ। ਵਿਕਸਤ ਦੇਸ਼ ਤਾਂ ਉਹ ਬਣਦਾ ਹੈ, ਜਦ ਉਸ ਦੇਸ਼ ਦੇ ਲੋਕ ਪੈਰਾਂ 'ਤੇ ਖੜ੍ਹਦੇ ਹਨ। ਸਵੈ-ਰੁਜ਼ਗਾਰ ਕਰਦੇ ਹਨ, ਰੁਜ਼ਗਾਰਤ ਹੁੰਦੇ ਹਨ, ਧਨ ਕਮਾਉਂਦੇ ਹਨ ਅਤੇ ਦੇਸ਼ ਨੂੰ ਵਿਕਸਿਤ ਬਨਾਉਣ ਲਈ ਆਪਣਾ ਯੋਗਦਾਨ ਪਾਉਂਦੇ ਹਨ। ਦੇਸ਼ ਵਿਕਸਤ ਤਦੋਂ ਹੁੰਦਾ ਹੈ, ਜਦ ਦੇਸ਼ ਦਾ ਸ਼ਾਸ਼ਕ ਜਨਤਾ ਨੂੰ ਰੁਜ਼ਗਾਰ, ਚੰਗੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਦਾ ਹੈ। ਇਤਿਹਾਸ ਵਿਚ ਕਿਸੇ ਵੀ ਇਹੋ ਜਿਹੇ ਦੇਸ਼ ਦਾ ਨਾਂਅ ਦਰਜ ਨਹੀਂ, ਜੋ ਆਪਣੇ ਲੋਕਾਂ ਨੂੰ ਭੀਖ ਮੰਗਣ ਲਾਵੇ, ਮੁਫ਼ਤ ਅਨਾਜ ਉਹਨਾਂ ਦੇ ਠੂਠੇ ਪਾਵੇ ਅਤੇ ਇਸ ਮੰਗਣਪੁਣੇ ਦੀ ਆਦਤ ਉਹਨਾਂ ਦੇ ਦਿਮਾਗ਼ਾਂ 'ਚ ਫਸਾ ਦੇਵੇ ਅਤੇ ਉਹ ਵਿਕਸਤ ਦੇਸ਼ ਬਣਿਆ ਹੋਵੇ।

ਆਪਣੇ ਆਪ ਨੂੰ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਨਣ ਦੀਆਂ ਟਾਹਰਾਂ ਮਾਰਨ ਵਾਲਾ ਅਤੇ ਵਿਸ਼ਵ ਵਿਚੋਂ ਪੰਜਵੇਂ ਨੰਬਰ ਦੀ ਅਰਥ ਵਿਵਸਥਾ ਬਣਿਆ ਭਾਰਤ ਆਖ਼ਿਰ ਗਰੀਬ ਕਿਉਂ ਹੈ? ਗਰੀਬੀ ਦੀਆਂ ਬੇੜੀਆਂ 'ਚ ਜਕੜਿਆ ਕਿਉਂ ਹੈ? ਪਿਛਲੇ ਸਮੇਂ 'ਚ ਜਿਸ ਢੰਗ ਨਾਲ ਦੇਸ਼ 'ਚ ਆਰਥਿਕ ਨੀਤੀਆਂ ਬਣਾਈਆਂ ਗਈਆਂ, ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਸੌਂਪਿਆ ਗਿਆ ਹੈ, ਨਿੱਜੀਕਰਨ ਦਾ ਰਾਹ ਦੇਸ਼ ਦੇ ਹਾਕਮਾਂ ਅਖਤਿਆਰ ਕੀਤਾ ਹੈ, ਉਸ ਨਾਲ ਗਰੀਬ ਅਮੀਰ ਦਾ ਪਾੜਾ ਵਧਿਆ ਹੈ।

ਦੇਸ਼ ਦਾ ਸਧਾਰਨ ਵਰਗ ਨਿਵਾਣਾ ਵੱਲ ਗਿਆ ਹੈ। ਕਰਜ਼ਾਈ ਹੋਇਆ ਹੈ। ਦੇਸ ਵਿਚ ਉਸ ਦੀਆਂ ਜੀਉਣ ਹਾਲਾਤਾਂ ਨਿੱਘਰੀਆਂ ਹਨ ਅਤੇ ਚੰਗੇਰੀਆਂ ਹੋਣ ਦੀ ਥਾਂ ਹੋਰ ਵੀ ਖਰਾਬ ਹੋ ਰਹੀਆਂ ਹਨ।

ਕੀ ਦੇਸ਼ ਦੇ ਹਾਕਮ ਪਾਣੀ ਦੇ ਸੰਕਟ, ਪ੍ਰਦੂਸ਼ਣ, ਕੂੜਾ ਕਰਕਟ, ਔੜਾਂ, ਸੋਕੇ, ਹੜ੍ਹਾਂ, ਕਰੋਪੀਆਂ, ਬਿਮਾਰੀਆਂ, ਦੁਸ਼ਵਾਰੀਆਂ ਪ੍ਰਤੀ ਸੁਚੇਤ ਨਹੀਂ ਹਨ? ਕੀ ਨਹੀਂ ਜਾਣਦੇ ਕਿ ਲੋਕ ਸੰਤਾਪ ਭੋਗ ਰਹੇ ਹਨ? ਉਹਨਾਂ ਦੀਆਂ ਫਸਲਾਂ ਹਰ ਸਾਲ ਬਰਬਾਦ ਹੋ ਰਹੀਆਂ ਹਨ। ਉਹ ਬਦਤਰ ਹਾਲਤਾਂ 'ਚ ਜੀਵਨ ਬਸਰ ਕਰਦੇ ਹਨ। ਦੇਸ਼ ਵਿਚ ਚੋਣਾਂ 'ਚ ਪ੍ਰਚੰਡ ਰੂਪ 'ਚ ਪ੍ਰਚਾਰ ਚੱਲ ਰਿਹਾ ਹੈ। ਮਹਿੰਗਾਈ, ਭ੍ਰਿਸ਼ਟਾਚਾਰ, ਸੰਪਰਦਾਇਕ ਵੰਡ, ਅਸਮਾਨਤਾ, ਕਾਨੂੰਨ ਦੀ ਹਥਿਆਰ ਦੀ ਤਰ੍ਹਾਂ ਵਰਤੋਂ, ਜਾਂਚ ਏਜੰਸੀਆਂ ਦੀ ਦੁਰਵਰਤੋਂ, ਔਰਤਾਂ ਵਿਰੁੱਧ ਅਪਰਾਧ, ਭਾਰਤੀ ਖੇਤਰ 'ਤੇ ਚੀਨੀ ਸੈਨਿਕਾਂ ਦਾ ਕਬਜ਼ਾ, ਗੋਦੀ ਮੀਡੀਆ ਆਦਿ ਮੁੱਦੇ ਵਿਰੋਧੀ ਧਿਰ ਵੱਲੋਂ ਉਠਾਏ ਜਾ ਰਹੇ ਹਨ। ਮੋਦੀ ਦੀ ਸਰਕਾਰ ਅਤੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਹਨਾਂ ਮੁੱਦਿਆਂ ਨੂੰ ਦਰਕਿਨਾਰ ਕਰਕੇ ਆਪਣੇ ਨਫ਼ੇ ਨੁਕਸਾਨ ਨੂੰ ਧਿਆਨ ਰੱਖਦਿਆਂ, ਉਹ ਮੁੱਦੇ ਉਠਾਏ ਜਾ ਰਹੇ ਹਨ ਜਾਂ ਵਿਰੋਧੀ ਧਿਰ ਕਾਂਗਰਸ ਉੱਤੇ ਉਹ ਇਲਜਾਮ ਲਗਾਏ ਜਾ ਰਹੇ ਹਨ, ਜਿਹੜੇ ਆਮ ਆਦਮੀ ਦੇ ਮਨ 'ਚ ਨਫ਼ਰਤ ਤਾਂ ਭਰ ਸਕਦੇ ਹਨ, ਧਰਮ ਦੇ ਨਾਂਅ ਉੱਤੇ ਧਰੁਵੀਕਰਨ ਤਾਂ ਕਰ ਸਕਦੇ ਹਨ, ਪਰ ਉਹਦੀ ਰੋਟੀ ਦੀ ਭੁੱਖ ਨਹੀਂ ਮਿਟਾ ਸਕਦੇ, ਬੀਮਾਰ ਹੋਣ 'ਤੇ ਉਨ੍ਹਾਂ ਦਾ ਦੁੱਖ ਨਹੀਂ ਹਰ ਸਕਦੇ।

1952 ਵਿਚ ਪਹਿਲੀਆਂ ਚੋਣਾਂ ਵੇਲੇ ਜਿਸ ਕਿਸਮ ਦੀ ਜਾਤੀ, ਸੰਪਰਦਾ, ਵੰਸ਼ਵਾਦ ਅਤੇ ਧਨ ਸ਼ਕਤੀ ਦੀ ਵਰਤੋਂ ਸੀ, ਉਹ ਹੁਣ ਸੁਨਾਮੀ ਦਾ ਰੂਪ ਧਾਰਨ ਕਰ ਚੁੱਕੀ ਹੈ। ਹਰ ਕੋਈ ਇਥੇ ਸੁਨਾਮੀ ਦੀ ਲਪੇਟ ਵਿਚ ਹੈ ਅਤੇ ਆਪਣਾ ਸਿਆਸੀ ਭਵਿੱਖ ਇਥੋਂ ਹੀ ਲੱਭ ਰਿਹਾ ਹੈ। ਕਿਧਰੇ ਧਰਮ ਦੇ ਨਾਂਅ ਤੇ ਸਿਆਸਤ ਹੋ ਰਹੀ ਹੈ, ਕਿਧਰੇ ਜਾਤ ਅਧਾਰਤ ਜਨ-ਗਣਨਾ ਦੀ ਗੱਲ ਹੋ ਰਹੀ ਹੈ। ਲੋਕਾਂ ਦੇ ਸਰੋਕਾਰ ਦਫ਼ਨ ਹੋ ਚੁੱਕੇ ਹਨ।

ਜਦੋਂ ਤੱਕ ਦੇਸ਼ ਦੀ ਰਾਜਨੀਤੀ ਵਿਚ ਸਿਆਸੀ-ਸਮਾਜਿਕ ਕੰਮ ਕਰਨ ਵਾਲੇ ਕਾਰਕੁੰਨਾਂ ਦਾ ਪ੍ਰਭਾਵ ਸੀ, ਉਦੋਂ ਤੱਕ ਲੋਕਾਂ ਦੇ ਮਸਲੇ, ਸਰੋਕਾਰ ਚੋਣਾਂ 'ਚ ਮੁੱਖ ਮੁੱਦਾ ਬਣਦੇ ਰਹੇ। ਇਹੀ ਸਿਆਸੀ-ਸਮਾਜੀ ਕਾਰਕੁੰਨ ਸਮਾਜ ਨੂੰ ਪੜ੍ਹਦੇ ਸਨ, ਸਮਾਜ ਨੂੰ ਇਕ ਪ੍ਰਯੋਗਸ਼ਾਲਾ ਸਮਝਦੇ ਹੋਏ, ਦਲੀਲਾਂ ਨਾਲ ਲੋਕ ਕਚਹਿਰੀ 'ਚ ਪੁੱਜਦੇ ਸਨ। ਦਲੀਲ-ਰਾਜਨੀਤੀ ਕਰਦਿਆਂ ਪੂਰੀ ਕਠੋਰਤਾ ਨਾਲ ਆਪਣਾ ਪੱਖ ਪੇਸ਼ ਕਰਦੇ ਸਨ। ਇਸ ਕਾਰਨ ਸਰਵਜਨਕ ਲੋਕ ਪੱਖੀ ਨੀਤੀਆਂ ਸਰਕਾਰਾਂ ਨੂੰ ਬਨਾਉਣੀਆਂ ਅਤੇ ਅਪਨਾਉਣੀਆਂ ਪੈਂਦੀਆਂ ਸਨ। ਪਰ ਹੁਣ ਨੇਤਾਵਾਂ ਦੀ ਤਾਕਤ ਦੀ ਹਵਸ਼ ਨੇ ਭਾਰਤੀ ਮੁੱਖ ਧਾਰਾ ਜਿਸ ਵਿਚ ਲੋਕਤੰਤਰ ਦਾ ਖਾਦ ਪਾਣੀ ਸਮਾਜਕ-ਸਿਆਸੀ ਕਾਰਕੁੰਨ ਸਨ, ਉਹਨਾਂ ਨੂੰ ਤੋੜ ਦਿੱਤਾ। ਸਮਾਜਿਕ-ਸੰਸਕ੍ਰਿਤਿਕ ਸੰਗਠਨਾਂ ਦੀ ਭੂਮਿਕਾ ਨੂੰ ਇਹਨਾਂ ਨੇਤਾਵਾਂ ਨੇ ਰੋਲ ਕੇ ਰੱਖ ਦਿੱਤਾ। ਨੈਤਿਕ ਕਦਰਾਂ ਕੀਮਤਾਂ ਦਾ ਸਤਿਆਨਾਸ਼ ਕਰ ਦਿੱਤਾ ਅਤੇ ਇਹੋ ਜਿਹੀ ਨਿਰਾਸ਼ਾਜਨਕ ਸਥਿਤੀ ਵਿਚ ਲੈ ਆਂਦਾ ਜਿਥੇ ਲੋਕ ਸੋਚਣ ਲੱਗ ਪਏ ਹਨ ਕਿ ਅਸੀਂ ਹੁਣ ਕੀ ਕਰੀਏ?

ਦੇਸ਼ ਦੇ ਸਾਹਮਣੇ ਵੀ ਦੋ ਰਾਸਤੇ ਹਨ, ਉਹਨਾਂ 'ਚੋਂ ਇੱਕ ਰਸਤਾ ਹੈ ਦੇਸ਼ ਦੀ ਅਰਥ-ਵਿਵਸਥਾ ਮਜਬੂਤ ਕਰਨ ਦਾ। ਜਿਸ ਨਾਲ ਰੁਜ਼ਗਾਰ ਪੈਦਾ ਹੋਏਗਾ। ਜਿਸ ਨਾਲ ਦੇਸ਼ ਵਿਕਸਤ ਹੋਏਗਾ। ਜਿਸ ਨਾਲ ਬੁਨਿਆਦੀ ਢਾਂਚਾ, ਸਿਹਤ ਸਹੂਲਤਾਂ ਤੇ ਚੰਗਾ ਵਾਤਾਵਰਨ ਬਣੇਗਾ। ਦੂਜਾ ਰਸਤਾ ਹੈ ਸਾਡੇ ਸ਼ਾਸ਼ਕਾਂ ਵੱਲੋਂ ਜਿਸ ਨੂੰ ਮੌਜੂਦਾ ਦੌਰ 'ਚ ਅਪਨਾਇਆ ਜਾ ਰਿਹਾ ਹੈ, ਉਹ ਇਹ ਕਿ ਜਨਤਾ 'ਚ ਇਹ ਆਦਤ ਪਾ ਦਿਓ ਕਿ ਉਹਨਾਂ ਲਈ ਸਰਕਾਰ ਨੇ ਹੀ ਸਭ ਕੁਝ ਕਰਨਾ ਹੈ। ਸਭੋ ਕੁਝ ਮੁਫ਼ਤ ਉਹਦੀ ਝੋਲੀ ਪਾਉਣਾ ਹੈ। ਇਹੋ ਹੀ ਇਸ ਸਮੇਂ ਦਾ ਦੁਖਾਂਤ ਹੈ। ਅੱਜ ਦੇਸ਼ ਵਿਚ ਸਥਿਤੀ ਕੁਝ ਇਸ ਤਰ੍ਹਾਂ ਦੀ ਨਜ਼ਰ ਆ ਰਹੀ ਹੈ ਕਿ ਦੇਸ਼ ਮੌਜੂਦਾ ਨੀਤੀਆਂ ਦੇ ਚਲਦਿਆਂ ਵਿਕਸਤ ਹੋ ਜਾਏਗਾ, ਲੇਕਿਨ ਦੇਸ਼ 'ਚ ਰਹਿਣ ਵਾਲੇ ਵੱਡੀ ਗਿਣਤੀ ਲੋਕ ਗਰੀਬ ਅਤੇ ਮੁੱਢਲੀਆਂ ਲੋੜਾਂ ਤੋਂ ਵੰਚਿਤ ਹੋ ਜਾਣਗੇ। ਜਨਤਾ ਲੋੜਾਂ ਤੋਂ ਤਰਸਦੀ ਰਹੇਗੀ। ਇਹ ਵਿਕਾਸ ਚੁਣਵੇਂ ਧੰਨ ਕੁਬੇਰਾਂ ਤੱਕ ਸਿਮਟ ਜਾਏਗਾ।

ਦੇਸ਼ 'ਚ ਮਹਿੰਗਾਈ ਵੱਧ ਰਹੀ ਹੈ। ਬੇਰੁਜ਼ਗਾਰੀ ਦੀ ਦਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਮੇਂ ਮੁਦਰਾ ਮਹਿੰਗਾਈ 7.74 ਫੀਸਦੀ ਹੈ। ਬੇਰੁਜ਼ਗਾਰੀ ਦਰ 2022-23 ਦੇ ਮਾਰਚ ਤਿਮਾਹੀ ਦੇ ਅੰਕੜਿਆਂ ਅਨੁਸਾਰ 6.8 ਫੀਸਦੀ ਸੀ। ਦੇਸ਼ ਵਿਚ ਇਕ ਅਜੀਬ ਤਰ੍ਹਾਂ ਦਾ ਅਸੰਤੁਲਨ ਹੈ। ਦੇਸ਼ ਦੀ ਅਰਥ ਵਿਵਸਥਾ ਦਾ ਰੁਖ ਉੱਪਰ ਵੱਲ ਹੈ ਜਦਕਿ ਮਹਿੰਗਾਈ ਵੱਡੀ ਚੁਣੌਤੀ ਹੈ।

ਬੇਰੁਜ਼ਗਾਰੀ ਵੱਧਦੀ ਜਾ ਰਹੀ ਹੈ। ਜਿਸ ਦੇ ਕਾਰਨ ਪ੍ਰਤੀ ਜੀਅ ਆਮਦਨ ਘੱਟ ਰਹੀ ਹੈ। ਖਾਣ-ਪੀਣ ਦੀਆਂ ਚੀਜ਼ਾਂ ਦੇ ਭਾਅ ਵਧਣ ਕਾਰਨ ਲੋਕ ਪ੍ਰੇਸ਼ਾਨ ਦਿਖਦੇ ਹਨ ਪਰ ਇਹ ਸਭ ਕੁਝ ਦੇਸ਼ ਦੀਆਂ ਪਾਰਟੀਆਂ ਦੇ ਏਜੰਡੇ ਉੱਤੇ ਨਹੀਂ ਹੈ।

ਦੇਸ਼ ਇਸ ਵੇਲੇ ਵਿਕਾਸ ਚਾਹੁੰਦਾ ਹੈ, ਦੇਸ਼ਵਾਸੀ ਰੁਜ਼ਗਾਰ ਚਾਹੁੰਦੇ ਹਨ। ਦੇਸ਼ ਇਸ ਵੇਲੇ 'ਮਾਈ ਬਾਪ' ਵਾਲੀ ਸਰਕਾਰ ਨਹੀਂ, ਸਗੋਂ ਅਸਲ ਲੋਕਤੰਤਰੀ ਸਰਕਾਰ ਚਾਹੁੰਦੇ ਹਨ। ਲੋਕਾਂ ਸਾਹਵੇਂ ਰੋਸ਼ਨ ਭਵਿੱਖ ਦੀ ਉਮੀਦ ਤਦੇ ਬੱਝੇਗੀ ਜੇਕਰ ਦੇਸ਼ ਦੇ ਨੇਤਾ ਪਾਰਦਰਸ਼ੀ ਢੰਗ ਨਾਲ ਆਮ ਲੋਕਾਂ ਦੇ ਸਰੋਕਾਰਾਂ ਨੂੰ ਪਹਿਲ ਦੇਣਗੇ। ਇਸ ਵੇਲੇ ਦੇਸ਼ ਵਿਚ ਰਾਜਨੀਤਕ ਕੁਲੀਨਾਂ ਦਾ ਬੋਲਬਾਲਾ ਹੈ। ਮੋਦੀ, ਰਾਹੁਲ, ਕੇਜਰੀਵਾਲ, ਮਮਤਾ, ਲਾਲੂ ਯਾਦਵ ਆਦਿ ਇਕੋ ਕਿਸਮ ਦੀ ਸਿਆਸਤ ਕਰ ਰਹੇ ਹਨ। ਉਹ ਅੰਕ ਗਣਿਤ ਦੇ ਪੰਡਿਤ ਹਨ। ਲੋਕ ਕੁਝ ਹੱਦ ਤੱਕ ਲਾਲਚਵੱਸ ਠੂਠਾ ਸਿਆਸਤ ਨਾਲ ਭਰਮਿਤ ਹੁੰਦੇ ਹਨ, ਪਰ ਜੀਉਂਦੇ ਜਾਗਦੇ ਸਮਾਜ ਵਿਚ ਉਹ ਆਪਣੀ ਉਰਜਾ ਨਾਲ ਉਹ ਸਭ ਕੁਝ ਬਦਲਣ ਦੇ ਸਮਰੱਥ ਹਨ, ਜੋ ਉਹ ਨਹੀਂ ਚਾਹੁੰਦੇ।

ਲੋਕ ਠੂਠੇ 'ਚ ਭਿੱਖਿਆ 'ਅਨਾਜ' ਨਹੀਂ, ਨੌਕਰੀ ਚਾਹੁੰਦੇ ਹਨ। ਦੇਸ਼ ਦੇ ਸਿਆਸਤਦਾਨਾਂ ਨੂੰ ਇਹ ਸਮਝਣਾ ਪਵੇਗਾ। ਸਾਹਿਬਾਂ ਦੀਆਂ ਫਾਇਲਾਂ, ਬਸਤਿਆਂ 'ਚ ਦੱਬੀ ਲੋਕਾਂ ਦੀ ਆਵਾਜ਼ ਨੂੰ ਲੋਕ ਕਟਹਿਰੇ 'ਚ ਲਿਆਉਣਾ ਹੀ ਹੋਵੇਗਾ।

98158-02070

# ਬੁਢਾਪੇ ਨੂੰ ਆਨੰਦਮਈ ਬਣਾਉਣਾ ਬਜ਼ੁਰਗਾਂ ਦੇ ਆਪਣੇ ਹੱਥ ਵਿਚ



ਉਜਾਗਰ ਸਿੰਘ
ਮੋਬਾਈਲ-94178 13072
ujagarsinghDH
@yahoo.com

ਬੁਢਾਪੇ ਨੂੰ ਆਨੰਦਮਈ ਬਣਾਉਣਾ ਬਜ਼ੁਰਗਾਂ ਦੇ ਆਪਣੇ ਹੱਥ ਵਿਚ ਹੈ। ਜਵਾਨੀ ਵਿੱਚ ਮਾਣੇ ਸੁੱਖਾਂ- ਦੁੱਖਾਂ ਨੂੰ ਭੁਲਣਾ ਹੋਵੇਗਾ। ਬੀਤੇ ਦੀਆਂ ਗੱਲਾਂ ਨੂੰ ਵਰਤਮਾਨ ਵਿੱਚ ਪ੍ਰਾਪਤ ਕਰਨਾ ਭੁੱਲ ਹੋਵੇਗੀ, ਜੋ ਲੰਘ ਗਿਆ ਉਸ ਨੂੰ ਮੁੜ ਕੇ ਚਿਤਵਣ ਦੀ ਲੋੜ ਨਹੀਂ। ਵਰਤਮਾਨ ਵਿੱਚ ਜੀਵੋ। ਜੇਕਰ ਬੁਢਾਪਾ ਸੁਖੀ ਬਣਾਉਣਾ ਹੈ ਤਾਂ ਵਰਤਮਾਨ ਦਾ ਆਨੰਦ ਮਾਨਣ ਦੀ ਕੋਸ਼ਿਸ਼ ਕਰੋ। ਭਵਿਖ ਬਾਰੇ ਵੀ ਸੋਚਣਾ ਛੱਡ ਦਿਓ। ਖ਼ੁਸ਼ੀ-ਗ਼ਮੀ, ਦੁੱਖ-ਸੁੱਖ ਅਤੇ ਪਿਆਰ-ਘਿਰਣਾ ਇਨ੍ਹਾਂ ਤਿੰਨਾ ਨੂੰ ਮਹਿਸੂਸ ਕਰਨਾ ਇਨਸਾਨ ਦੇ ਅਹਿਸਾਸਾਂ 'ਤੇ ਨਿਰਭਰ ਕਰਦਾ ਹੈ। ਇਨਸਾਨ ਜਿਸ ਤਰ੍ਹਾਂ ਮਹਿਸੂਸ ਕਰੇਗਾ ਉਸੇ ਤਰ੍ਹਾਂ ਦਾ ਹੀ ਪ੍ਰਭਾਵ ਉਸ ਦੇ ਵਿਵਹਾਰ 'ਤੇ ਪਵੇਗਾ। ਉਸ ਦੇ ਵਿਵਹਾਰ ਤੋਂ ਹੀ ਸਮਾਜ ਇਨਸਾਨ ਦੀ ਪ੍ਰਤਿਭਾ ਅਤੇ ਵਿਅਕਤਿਵ ਬਾਰੇ ਦ੍ਰਿਸ਼ਟੀਕੋਣ ਬਣਾਏਗਾ। ਇਸ ਲਈ ਬੁਢਾਪੇ ਬਾਰੇ ਜਿਸ ਪ੍ਰਕਾਰ ਇਨਸਾਨ ਮਹਿਸੂਸ ਕਰੇਗਾ, ਉਸੇ ਪ੍ਰਕਾਰ ਉਸਦਾ ਪ੍ਰਭਾਵ ਬਣੇਗਾ। ਬੁਢਾਪਾ ਇੱਕ ਅਟੱਲ ਸਚਾਈ ਹੈ, ਹਰ ਇਕ ਇਨਸਾਨ 'ਤੇ ਆਉਣਾ ਹੈ, ਜਿਵੇਂ ਜਵਾਨੀ ਆਉਂਦੀ ਹੈ। ਬੁਢਾਪੇ ਨੂੰ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕਰਨਾ ਚਾਹੀਦਾ ਹੈ। ਬੁਢਾਪੇ ਦਾ ਆਨੰਦ ਜਵਾਨੀ ਨਾਲੋਂ ਵਧੇਰੇ ਹੁੰਦਾ ਹੈ। ਜਵਾਨੀ ਵਿੱਚ ਜ਼ਿੰਮੇਵਾਰੀਆਂ ਦੇ ਅਨੇਕਾਂ ਖਲਜਗਣ ਹੁੰਦੇ ਹਨ। ਬਚਪਨ ਵਿੱਚ ਬਾਪੂ ਦੇ ਮੋਢਿਆਂ 'ਤੇ ਬੈਠ ਕੇ ਮਾਣੇ ਆਨੰਦ ਨੂੰ ਯਾਦ ਕਰਕੇ ਆਪਣੇ ਪੋਤੇ ਪੋਤਰੀਆਂ ਤੇ ਦੋਹਤੇ ਦੋਹਤੀਆਂ ਨੂੰ ਆਪਣੇ ਮੋਢਿਆਂ ਦਾ ਆਨੰਦ ਮਾਨਣ ਦਾ ਮੌਕਾ ਦਿਓ। ਇਹੋ ਬੁਢਾਪੇ ਦੀ ਜ਼ਿੰਦਗੀ ਦਾ ਖ਼ੁਸ਼ਗਵਾਰ ਸਮਾਂ ਹੁੰਦਾ ਹੈ, ਜਦੋਂ ਬੱਚਿਆਂ ਵਿੱਚ ਬੱਚਾ ਬਣਕੇ ਵਿਚਰਿਆ ਜਾ ਸਕਦਾ ਹੈ। ਇਹ ਇਨਸਾਨੀ ਜ਼ਿੰਦਗੀ ਦੀ ਲਗਾਤਰਤਾ ਦੀ ਪ੍ਰਕਿਰਿਆ ਹੈ। ਇਸ ਲਈ ਬੁਢਾਪੇ ਦਾ ਖਿੜ੍ਹੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ। ਬੁਢਾਪੇ ਵਿੱਚ ਆਪਣੇ ਆਪ ਨੂੰ ਰੁਝੇਵੇਂ ਵਿੱਚ ਰੱਖਣਾ ਚਾਹੀਦਾ ਹੈ। ਜੇ ਹੋਰ ਕੁਝ ਨਹੀਂ ਕਰ ਸਕਦੇ ਤਾਂ ਘੱਟੋ ਘੱਟ ਸਵੇਰੇ ਸ਼ਾਮ ਸੈਰ ਕਰਨੀ ਚਾਹੀਦੀ ਹੈ। ਦੋਸਤਾਂ ਮਿਤਰਾਂ ਨਾਲ ਮਹਿਫ਼ਲਾਂ ਕਰਨੀਆਂ ਚਾਹੀਦੀਆਂ ਹਨ। ਜੇ ਹੋ ਸਕੇ ਬਚਪਨ ਅਤੇ ਜਵਾਨੀ ਪਹਿਰੇ ਦੇ ਦੋਸਤਾਂ ਨਾਲ ਸੰਪਰਕ ਰੱਖੋ। ਅੱਜ ਕਲ੍ਹ ਤਾਂ ਸ਼ੋਸ਼ਲ ਮੀਡੀਏ ਦਾ ਯੁਗ ਹੈ। ਸ਼ੋਸ਼ਲ ਮੀਡੀਆ ਸੀਨੀਅਰ ਸਿਟੀਜ਼ਨਜ਼ ਲਈ ਸਹਾਇਕ ਹੋ ਸਕਦਾ ਹੈ। ਟੈਲੀਫ਼ੋਨ ਤੇ ਤਾਲਮੇਲ ਰੱਖੋ, ਵੀਡੀਓ ਕਾਲ ਕਰੋ। ਵਿਹਲਾ ਇਨਸਾਨ ਮਾਯੂਸ ਹੁੰਦਾ ਹੈ। ਆਪਣੀ ਔਲਾਦ ਤੋਂ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ ਕਿਉਂਕਿ ਸਮਾਂ ਅਣਕਿਆਸਾ ਬਦਲ ਗਿਆ ਹੈ। ਔਲਾਦ ਆਪੋ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਰੁੱਝੀ ਹੋਈ ਹੈ। ਔਲਾਦ ਦੀ ਜ਼ਿੰਦਗੀ ਵਿੱਚ ਦਖ਼ਲ ਅੰਦਾਜ਼ੀ ਨਾ ਕਰੋ। ਆਪਣੇ ਸਮੇਂ ਦੀਆਂ ਪਰੰਪਰਾਵਾਂ ਅਤੇ ਨਿਯਮਾ ਨੂੰ ਬਦਲੇ ਹੋਏ ਸਮੇਂ ਵਿੱਚ ਲਾਗੂ ਕਰਨ ਦੀ ਕੋਸ਼ਿਸ਼ ਨਾ ਕਰੋ। ਆਪਣੀ ਸਿਹਤ ਅਨੁਸਾਰ ਸਮਾਜ ਸੇਵਾ ਕਰਨੀ ਚਾਹੀਦੀ ਹੈ। ਜ਼ਿੰਦਗੀ ਵੈਸੇ ਵੀ ਜਦੋਜਹਿਦ ਦਾ ਦੂਜਾ ਨਾਮ ਹੈ। ਸੁੱਖ ਦਾ ਅਹਿਸਾਸ ਦੁੱਖ ਤੋਂ ਬਾਅਦ ਅਤੇ ਦੁੱਖ ਦਾ ਅਹਿਸਾਸ ਸੁੱਖ ਤੋਂ ਬਾਅਦ ਹੁੰਦਾ ਹੈ। ਇਸ ਲਈ ਦੁੱਖ ਅਤੇ ਸੁੱਖ ਇਕ ਸਿੱਕੇ ਦੇ ਦੋ ਪਾਸੇ ਹਨ। ਇਨ੍ਹਾਂ ਦੋਹਾਂ ਪਾਸਿਆਂ ਨੂੰ ਟਣਕਾਓ, ਫਿਰ ਵੇਖੋ ਕਿਸ ਤਰ੍ਹਾਂ ਦਾ ਸੰਗੀਤ ਨਿਕਲੇਗਾ।



ਇੱਕ 93 ਸਾਲਾ ਆਪਣੇ ਦੋਸਤ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ

ਇਨ੍ਹਾਂ ਦੋਹਾਂ ਨੇ ਜ਼ਿੰਦਗੀ ਵਿੱਚ ਆਉਣਾ ਹੀ ਹੈ। ਇਸ ਲਈ ਉਨ੍ਹਾਂ ਦੀ ਵੰਗਾਰ ਦਾ ਮੁਕਾਬਲਾ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਰਹੋ।

ਸੁੱਖ ਅਤੇ ਦੁੱਖ ਵੀ ਇਕ ਸਿੱਕੇ ਦੇ ਦੋਵੇਂ ਪਾਸੇ ਹਨ। ਇਨਸਾਨ ਨੇ ਖ਼ੁਦ ਫ਼ੈਸਲਾ ਕਰਨਾ ਹੈ ਕਿ ਉਸ ਦਾ ਜੀਵਨ ਵਰਦਾਨ ਹੈ ਜਾਂ ਸਰਾਪ। ਬਜ਼ੁਰਗਾਂ ਅਤੇ ਉਨ੍ਹਾਂ ਦੇ ਬੱਚਿਆਂ ਵਿੱਚ ਜਨਰੇਸ਼ਨ ਗੈਪ ਹੁੰਦਾ ਹੈ। ਬਜ਼ੁਰਗਾਂ ਦੇ ਸਮੇਂ, ਸਥਾਨ, ਹਾਲਾਤ, ਸਾਧਨ, ਲੋੜਾਂ ਅਤੇ ਪ੍ਰਾਪਤੀਆਂ ਪੁਰਾਣੇ ਜ਼ਮਾਨੇ ਅਨੁਸਾਰ ਹੁੰਦੀਆਂ ਹਨ। ਵਰਤਮਾਨ ਸਮੇਂ ਇਹ ਸਾਰਾ ਕੁਝ ਹੀ ਬਦਲ ਗਿਆ ਹੈ। ਇਸ ਲਈ ਕੁਦਰਤੀ ਹੈ ਕਿ ਨਵੀਂ ਪੀੜ੍ਹੀ ਦੀ ਸੋਚ ਅੱਜ ਦੇ ਆਧੁਨਿਕ ਤਕਨਾਲੋਜੀ ਦੇ ਜ਼ਮਾਨੇ ਅਨੁਸਾਰ ਹੋਵੇਗੀ। ਜਿਵੇਂ ਸਮੇਂ ਦੇ ਬਦਲਣ ਅਤੇ ਆਧੁਨਿਕਤਾ ਵਿੱਚ ਤੇਜੀ ਨਾਲ ਵਾਧਾ ਹੋਣ ਕਰਕੇ ਨਵੀਂਆਂ ਖੋਜਾਂ ਦਾ ਅਸਰ ਹੋ ਰਿਹਾ ਹੈ। ਉਸੇ ਤਰ੍ਹਾਂ ਨੌਜਵਾਨ ਪੀੜ੍ਹੀ ਦੇ ਵਿਚਾਰਾਂ ਅਤੇ ਵਿਵਹਾਰ ਵਿੱਚ ਤਬਦੀਲੀ ਆ ਰਹੀ ਹੈ। ਬਜ਼ੁਰਗਾਂ ਨੂੰ ਇਸ ਤਬਦੀਲੀ ਨਾਲ ਅਡਜਸਟ ਕਰਨਾ ਪਵੇਗਾ। ਬਹੁਤੀਆਂ ਉਮੀਦਾਂ ਨਾ ਪਾਲੋ। ਬਜ਼ੁਰਗ ਆਪਣੀ ਔਲਾਦ ਨੂੰ ਆਪਣੀ ਸੋਚ ਮੁਤਾਬਕ ਚਲਾਉਣਾ ਅਤੇ ਵਿਵਹਾਰ ਕਰਨ 'ਤੇ ਜ਼ੋਰ ਪਾਉਂਦੇ ਹਨ, ਜੋ ਵਰਤਮਾਨ ਸਮੇਂ ਸੰਭਵ ਹੀ ਨਹੀਂ ਕਿਉਂਕਿ ਇੰਟਰਨੈਟ ਨੇ ਹਾਲਾਤ ਹੀ ਬਦਲ ਕੇ ਰੱਖ ਦਿੱਤੇ। ਬਜ਼ੁਰਗ ਆਪਣੇ ਮਾਪਿਆਂ ਦੇ ਸਮੇਂ ਨੂੰ ਭੁੱਲ ਜਾਣ, ਜਦੋਂ ਸਾਰਾ ਪਰਿਵਾਰ ਇਕ ਚੁਲ੍ਹੇ ਦੇ ਮੂਹਰੇ ਪੀੜ੍ਹੀਆਂ 'ਤੇ ਬੈਠਕੇ ਰੋਟੀ ਖਾਂਦਾ ਸੀ। ਇਕੋ ਵੱਡੇ ਹਾਲ ਕਮਰੇ ਜਿਸ ਨੂੰ ਦਲਾਨ ਕਹਿੰਦੇ ਸਨ, ਵਿੱਚ ਸੌਂ ਜਾਂਦਾ ਸੀ। ਅੱਜ ਕਲ੍ਹ ਇੰਟਨੈਟ ਦੇ ਜ਼ਮਾਨੇ ਵਿੱਚ ਬੱਚੇ ਆਪੋ ਆਪਣੇ ਕਮਰਿਆਂ ਵਿੱਚ ਮੋਬਾਈਲ ਲਈ ਬੈਠੇ ਹੁੰਦੇ ਹਨ। ਆਪਣੇ ਦੋਸਤਾਂ ਨਾਲ ਚੋਹਲ ਮੋਹਲ ਕਰ ਰਹੇ ਹੁੰਦੇ ਹਨ। ਉਹ ਪਰਿਵਾਰ ਵਿੱਚ ਬੈਠਕੇ ਰੋਟੀ ਨਹੀਂ ਖਾਂਦੇ ਅਤੇ ਆਪੋ ਆਪਣੇ ਕਮਰੇ ਵਿੱਚ ਸੌਂਦੇ ਹਨ। ਬਜ਼ੁਰਗ ਇਹ ਆਸ ਲਾਈ ਬੈਠੇ ਰਹਿੰਦੇ ਹਨ ਕਿ ਬੱਚੇ ਉਨ੍ਹਾਂ ਦੇ ਕੋਲ ਆ ਕੇ ਬੈਠਣਗੇ, ਦੁੱਖ ਸੁੱਖ ਸਾਂਝਾ ਕਰਨਗੇ ਪ੍ਰੰਤੂ ਇਹ ਸਾਰਾ ਕੁਝ ਅਸੰਭਵ ਹੋ ਗਿਆ ਹੈ। ਇਸ ਲਈ ਬਜ਼ੁਰਗਾਂ ਨੂੰ ਸਮੇਂ ਮੁਤਾਬਕ ਬਦਲਣਾ ਪਵੇਗਾ। ਇਸ ਦੇ ਨਾਲ ਹੀ ਔਲਾਦ ਨੂੰ ਵੀ ਥੋੜ੍ਹਾ ਬਜ਼ੁਰਗਾਂ ਅਨੁਸਾਰ ਬਦਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਦੋਵੇਂ ਹਾਲਾਤ ਨਾਲ ਅਡਜਸਟ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਬਜ਼ੁਰਗਾਂ ਦਾ ਬੁਢਾਪਾ ਵਰਦਾਨ ਬਣ ਸਕਦਾ ਹੈ। ਜੇਕਰ ਦੋਹਾਂ ਵਿੱਚੋਂ ਇਕ ਵੀ ਅਡਜਸਟ ਨਹੀਂ ਕਰੇਗਾ ਤਾਂ ਬੁਢਾਪਾ ਸਰਾਪ ਹੀ ਹੋਵੇਗਾ। ਫ਼ੈਸਲਾ ਦੋਹਾਂ ਦੇ ਹੱਥ ਵਿੱਚ ਹੈ। ਰਹਿੰਦੀ ਖੂੰਹਦੀ ਕਸਰ ਬਜ਼ੁਰਗਾਂ ਲਈ ਬਣੇ ਬ੍ਰਿਧ ਆਸ਼ਰਮਾ ਅਤੇ ਪਰਵਾਸ ਵਿੱਚ ਪੜ੍ਹਨ ਜਾਣ ਦੇ ਬਹਾਨੇ ਵਿਦੇਸ਼ਾਂ ਵਿੱਚ ਸੈਟਲ ਹੋਣ ਨੇ ਕੱਢ ਦਿੱਤੀ ਹੈ। ਮਾਪੇ ਇਕੱਲਤਾ ਮਹਿਸੂਸ ਕਰਦੇ ਹੋਏ ਜੀਵਨ ਬਸਰ ਕਰ ਰਹੇ ਹਨ। ਇਕ ਹੋਰ ਕਾਰਨ ਨਸ਼ਿਆਂ ਦੀ ਵਰਤੋਂ ਹੈ। ਨਸ਼ਿਆਂ ਨੇ ਬਜ਼ੁਰਗਾਂ ਅਤੇ ਨੌਜਵਾਨਾ ਵਿੱਚ ਖਿੱਚੋਤਾਣ ਪੈਦਾ ਕਰ ਦਿੱਤੀ ਹੈ ਕਿਉਂਕਿ ਸਖ਼ਤ ਮਿਹਨਤਾਂ ਨਾਲ ਬਣਾਈ ਜਾਇਦਾਦ ਨੂੰ ਨਸ਼ਈ ਬੱਚੇ ਵੇਚਣ ਲਈ ਮਜ਼ਬੂਰ ਕਰਦੇ ਹਨ। ਔਲਾਦ ਨੂੰ ਇਕ ਗੱਲ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਮਾਪਿਆਂ ਨੇ ਆਪਣੇ ਨਿੱਜੀ ਹਿੱਤਾਂ ਨੂੰ ਅੱਖੋਂ ਪ੍ਰੋਖੇ ਕਰਕੇ ਜ਼ਮੀਨੀ ਪੱਧਰ 'ਤੇ ਜਦੋਜਹਿਦ ਕਰਕੇ ਪਰਿਵਾਰਾਂ ਦੀ ਪਾਲਣ ਪੋਸ਼ਣ ਕੀਤੀ ਹੈ। ਆਪਣੀ ਔਲਾਦ ਲਈ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਹੁੰਦੀ ਹੈ। ਜਿਸ ਕਰਕੇ ਔਲਾਦ ਦਾ ਭਵਿਖ ਸੁਨਹਿਰਾ ਬਣਿਆਂ ਹੁੰਦਾ ਹੈ। ਵਰਤਮਾਨ ਸਮੇਂ ਵਿੱਚ ਰਸਾਇਣਕ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਖਾਦ ਪਦਾਰਥਾਂ ਵਿੱਚ ਮਿਲਾਵਟ ਨੇ ਇਨਸਾਨ ਦੀ ਮਾਨਸਿਕਤਾ 'ਤੇ ਗਹਿਰਾ ਪ੍ਰਭਾਵ ਪਾਇਆ ਹੈ। ਇਹ ਚੀਜ਼ਾਂ ਸਿਹਤ ਲਈ ਹਾਨੀਕਾਰਕ ਤਾਂ ਹਨ ਹੀ ਪ੍ਰੰਤੂ ਇਸਨਾਨ ਦੇ ਸੁਭਾਅ ਵਿੱਚ ਗਰਮੀਜੋਸ਼ੀ ਪੈਦਾ ਕਰਦੀਆਂ ਹਨ। ਜਿਸ ਕਰਕੇ ਬੱਚਿਆਂ ਅਤੇ ਮਾਪਿਆਂ ਵਿੱਚ ਤਲਖ਼ ਕਲਾਮੀ ਹੋ ਰਹੀ ਹੈ। ਅਖ਼ਬਾਰਾਂ ਵਿੱਚ ਅਜਿਹੀਆਂ ਖ਼ਬਰਾਂ ਪੜ੍ਹਨ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿੱਚ ਬੱਚੇ ਮਾਪਿਆਂ ਨੂੰ ਗੁੱਸੇ ਵਿੱਚ ਆ ਕੇ ਮੌਤ ਦੇ ਘਾਟ ਉਤਾਰ ਦਿੰਦੇ ਹਨ। ਬਹੁਤੇ ਝਗੜੇ ਜ਼ਮੀਨ ਜਾਇਦਾਦ ਦੇ ਹੁੰਦੇ ਹਨ। ਨਸ਼ਿਆਂ ਨੇ ਤਾਂ ਸਾਡੀ ਨੌਜਵਾਨੀ ਤਬਾਹ ਹੀ ਕਰ ਦਿੱਤੀ ਹੈ। ਕਈ ਲੜਕੇ ਆਪਣੇ ਮਾਪਿਆਂ ਨੂੰ ਨਸ਼ੇ ਲਈ ਪੈਸੇ ਮੰਗਣ ਕਰਕੇ ਹੀ ਮਾਰ ਦਿੰਦੇ ਹਨ। ਕਈ ਕੇਸ ਅਜਿਹੇ ਵੀ ਸਾਹਮਣੇ ਆਏ ਹਨ ਕਿ ਮਾਪਿਆਂ ਨੇ ਪੁੱਤਰਾਂ ਦੇ ਕਤਲ ਕਰ ਦਿੱਤੇ ਹਨ। ਮਾਪਿਆਂ ਨੂੰ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਉਹ ਬੁਰੀ ਸੰਗਤ ਵਿੱਚ ਪੈ ਕੇ ਗ਼ਲਤ ਰਸਤਾ ਨਾ ਅਖ਼ਤਿਆਰ ਕਰਨ। ਮਾਪੇ ਆਪ ਬੱਚਿਆਂ ਦੀ ਅਜਿਹੀ ਹਾਲਤ ਦੇ ਖ਼ੁਦ ਜ਼ਿੰਮੇਵਾਰ ਹਨ ਕਿਉਂਕਿ ਉਹ ਇੰਟਰਨੈਟ ਦੀ ਖ਼ੁਦ ਵਰਤੋਂ ਕਰਦਿਆਂ ਬੱਚਿਆਂ ਵੱਲੋਂ ਬੇਪ੍ਰਵਾਹ ਹੋ ਜਾਂਦੇ ਹਨ। ਅਜਿਹੇ ਮੌਕਿਆਂ 'ਤੇ ਬਜ਼ੁਰਗ ਆਪਣੇ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਵੱਲ ਧਿਆਨ ਦੇ ਕੇ ਉਨ੍ਹਾਂ ਦੀ ਜਵਾਨੀ ਨੂੰ ਸਿੱਧੇ ਰਸਤੇ ਪਾ ਸਕਦੇ ਹਨ, ਇਸ ਦੇ ਨਾਲ ਹੀ ਉਹ ਵੀ ਰੁੱਝੇ ਰਹਿਣਗੇ। ਬਜ਼ੁਰਗ ਬੱਚਿਆਂ ਨਾਲ ਉਨ੍ਹਾਂ ਦੀਆਂ ਖ਼ੁਸ਼ੀਆਂ ਜਨਮ ਦਿਨ ਮਨਾਉਣ ਵਿੱਚ ਹਿੱਸੇਦਾਰ ਬਣਨ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਦੀ ਜਾਣਕਾਰੀ ਦੇ ਕੇ ਰਾਹ ਦਸੇਰਾ ਬਣਨ। ਹਮ ਉਮਰ ਦੋਸਤਾਂ ਮਿੱਤਰਾਂ ਨਾਲ ਜਨਮ ਦਿਨ ਮਨਾ ਕੇ ਖ਼ੁਸ਼ੀਆਂ ਸਾਂਝੀਆਂ ਕਰੋ। ਜੀਵਨ ਖ਼ੁਦ ਹੀ ਆਨੰਦਮਈ ਹੋ ਜਾਵੇਗਾ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
+1 (204) 930-3030
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



# ਮਨੋਰੰਜਨ ਸਿਨੇਮਾ

ਸੁਰਜੀਤ ਜੱਸਲ - 9814607737

## ਨੂੰਹ-ਸੱਸ ਦੇ ਖ਼ੂਬਸੂਰਤ ਰਿਸ਼ਤੇ ਦੀ ਕਹਾਣੀ ਨੀ ਮੈਂ ਸੱਸ ਕੁੱਟਣੀ-2




ਨੂੰਹ- ਸੱਸ ਦੇ ਰਿਸ਼ਤੇ ਨੂੰ ਸਾਡੇ ਸਮਾਜ ਨੇ ਅਕਸਰ ਹੀ ਇੱਟ-ਕੁੱਤੇ ਦੇ ਵੈਰ ਵਾਂਗੂ ਸਮਝਿਆ ਹੈ ਭਾਵੇਂ ਨੂੰਹ ਕਿੰਨੀ ਵੀ ਚੰਗੀ ਹੋਵੇ, ਸੱਸ ਨੇ ਉਸਦੇ ਕੰਮਾਂ-ਕਾਰਾਂ ਵਿੱਚ ਕੋਈ ਨਾ ਕੋਈ ਨੁਕਸ ਕੱਢ ਕੇ ਉਸਨੂੰ ਆਪਣੇ ਤੋਂ ਨੀਵਾਂ ਹੀ ਦਿਖਾਉਣਾ ਹੁੰਦਾ ਹੈ। ਇਹ ਇੱਕ ਘਰ ਦੀ ਕਹਾਣੀ ਨਹੀਂ, ਤਕਰੀਬਨ ਹਰ ਦੂਜੇ-ਤੀਜੇ ਘਰ ਦੀ ਕਹਾਣੀ ਹੈ। ਪੰਜਾਬੀ ਫਿਲਮਾਂ ਵਿੱਚ ਇਹਨਾਂ ਰਿਸ਼ਤਿਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪਿਛਲੇ ਸਾਲ ਇੱਕ ਫਿਲਮ ਆਈ ਸੀ 'ਨੀ ਮੈਂ ਸੱਸ ਕੁੱਟਣੀ..। ਇਸ ਵਿੱਚ ਨੂੰਹ-ਸੱਸ ਦੇ ਕੌੜੇ ਮਿੱਠੇ ਤਜੱਰਬਿਆਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਪਰਦੇ ਤੇ ਦਿਖਾਇਆ ਗਿਆ ਜੋ ਕਿ ਮਨੋਰੰਜਨ ਦੇ ਨਾਲ ਨਾਲ ਦਰਸ਼ਕਾਂ ਨੂੰ ਇੱਕ ਚੰਗਾ ਸੁਨੇਹਾ ਵੀ ਦਿੰਦਾ ਸੀ ਕਿ ਜੇਕਰ ਨੂੰਹ ਸੱਸ ਦੇ ਰਿਸ਼ਤੇ ਵਿੱਚ ਮਾਵਾਂ ਧੀਆਂ ਵਰਗਾ ਪਿਆਰ ਬਣ ਜਾਵੇ ਤਾਂ ਘਰ ਸਵਰਗ ਬਣ ਜਾਂਦਾ ਹੈ। ਉਸੇ ਫਿਲਮ ਦੀ ਮਕਬੂਲੀਅਤ ਸਫਲਤਾ ਤੋਂ ਬਾਅਦ ਹੁਣ ਨੀਂ ਮੈਂ ਸੱਸ ਕੁੱਟਣੀ ਦਾ ਦੂਜਾ ਭਾਗ ਵੀ ਆ ਰਿਹਾ ਹੈ। ਸੱਸ ਅਤੇ ਨੂੰਹ ਦੇ ਖ਼ੂਬਸੂਰਤ ਤੇ ਸਦੀਵੀਂ ਰਿਸ਼ਤੇ ਦੁਆਲੇ ਘੁੰਮਦੀ ਇਹ ਫਿਲਮ ਇਸ ਰਿਸ਼ਤੇ ਦੇ ਕੌੜੇ-ਮਿੱਠੇ ਪਲਾਂ ਨੂੰ ਪਰਦੇ ਤੇ ਪੇਸ਼ ਕਰਦੀ ਹੈ। ਮਨੋਰੰਜਨ ਦੇ ਨਾਲ ਨਾਲ ਵੱਡਾ ਸੁਨੇਹਾ ਦਿੰਦੀ ਇਹ ਫਿਲਮ 7 ਜੂਨ ਨੂੰ ਦੁਨੀਆ ਭਰ ਵਿੱਚ ਰਿਲੀਜ ਹੋਵੇਗੀ। ਪੰਜਾਬੀ ਦੀ ਇਹ ਉਹ ਫ਼ਿਲਮ ਹੈ ਜਿਸ ਵਿੱਚ ਮਰਦ ਘੱਟ ਤੇ ਔਰਤਾਂ ਜ਼ਿਆਦਾ ਹਨ। ਫ਼ਿਲਮ ਦੇ ਪੋਸਟਰ 'ਤੇ ਵੀ ਪੰਜਾਬੀ ਇੰਡਸਟਰੀ ਦੇ ਨਾਮੀਂ ਅਦਾਕਾਰਾਂ ਦੀਆਂ ਤਸਵੀਰਾਂ ਨਜ਼ਰ ਆ ਰਹੀਆਂ ਹਨ। ਬਨਵੈਤ ਫ਼ਿਲਮਸ ਵੱਲੋਂ ਸਾਰੇਗਾਮਾ ਅਤੇ ਯੂਡਲੀ ਫਿਲਮਸ ਦੇ ਸਹਿਯੋਗ ਨਾਲ ਬਣਾਈ ਇਸ ਫਿਲਮ ਦੀ ਕਹਾਣੀ ਵੀ ਨਿਰਦੇਸ਼ਕ ਮੋਹਿਤ ਬਨਵੈਤ ਨੇ ਲਿਖੀ ਹੈ। ਡਾਇਲਾਗ ਮੋਹਿਤ ਬਨਵੈਤ, ਅਮਨ ਸਿੱਧੂ ਅਤੇ ਧਰਮਬੀਰ ਭੰਗੂ ਨੇ ਲਿਖੇ ਹਨ।

ਫਿਲਮ ਦੀ ਟੀਮ ਮੁਤਾਬਕ ਇਹ ਫ਼ਿਲਮ ਪੰਜਾਬੀ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੀ ਹੋਈ ਹੈ। ਕਾਮੇਡੀ, ਰੁਮਾਂਸ ਅਤੇ ਡਰਾਮੇ ਦਾ ਸੁਮੇਲ ਇਹ ਫ਼ਿਲਮ ਇੱਕ ਅਜਿਹਾ ਪਰਿਵਾਰਕ ਡਰਾਮਾ ਹੈ ਜੋ ਦਰਸ਼ਕਾਂ ਦੇ ਢਿੱਡੀ ਪੀੜਾਂ ਤਾਂ ਪਾਵੇਗਾ ਹੀ ਬਲਕਿ ਨੂੰਹ ਅਤੇ ਸੱਸ ਦੇ ਰਿਸ਼ਤੇ ਦੀ ਮਜ਼ਬੂਤੀ 'ਤੇ ਵੀ ਜ਼ੋਰ ਦੇਵੇਗਾ। ਜੇ ਧੀਆਂ ਸੱਸ ਨੂੰ ਮਾਂ ਅਤੇ ਸੱਸਾਂ ਨੂੰਹ ਨੂੰ ਧੀਅ ਬਣਾ ਲੈਣ ਤਾਂ ਸਾਰੇ ਝਗੜੇ ਵੀ ਖਤਮ ਪੈ ਜਾਣ ਅਤੇ ਇਸ ਰਿਸ਼ਤੇ ਤੇ ਬਣੀਆਂ ਬੋਲੀਆਂ ਦਾ ਰੰਗ ਵੀ ਬਦਲ ਜਾਵੇ, ਇਹ ਫ਼ਿਲਮ ਹਾਸੇ ਹਾਸੇ ਵਿੱਚ ਇਹੋ ਸੁਨੇਹਾ ਦਿੰਦੀ ਹੈ।

ਇਸ ਫ਼ਿਲਮ ਵਿੱਚ ਅਨੀਤਾ ਦੇਵਗਨ ਨੇ ਸੱਸ ਦਾ ਮੁੱਖ ਕਿਰਦਾਰ ਨਿਭਾਇਆ ਹੈ। ਨਿਰਮਲ ਰਿਸ਼ੀ ਅੱਗੇ ਉਸਦੀ ਸੱਸ ਹੈ ਅਤੇ ਨੂੰਹ ਦਾ ਮੁੱਖ ਕਿਰਦਾਰ ਤਨਵੀ ਨਾਗੀ ਨੇ ਨਿਭਾਇਆ ਹੈ। ਇਸ ਫ਼ਿਲਮ ਵਿੱਚ ਮਹਿਤਾਬ ਵਿਰਕ, ਤਨਵੀ ਨਾਗੀ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਅਨੀਤਾ ਦੇਵਗਨ, ਨਿਰਮਲ ਰਿਸ਼ੀ, ਰੁਪਿੰਦਰ ਰੂਪੀ, ਨਿਸ਼ਾ ਬਾਨੋ, ਅਕਿਸ਼ਤਾ ਸ਼ਰਮਾ, ਅਕਾਂਕਸ਼ਾ ਸਰੀਨ, ਹਾਰਬੀ ਸੰਘਾ, ਰਵਿੰਦਰ ਮੰਡ, ਦਿਲਨੂਰ ਕੌਰ ਅਤੇ ਮਲਕੀਤ ਰੌਣੀ ਸਮੇਤ ਕਈ ਹੋਰ ਚਰਚਿਤ ਚਿਹਰੇ ਨਜ਼ਰ ਆਉਣਗੇ। ਫਿਲਮ ਦੇ ਗੀਤ ਹੈਪੀ ਰਾਏਕੋਟੀ, ਧਰਮਬੀਰ ਭੰਗੂ, ਰੌਣੀ ਅਜਨਾਲੀ ਤੇ ਗਿੱਲ ਮਸ਼ਰਾਲੀ ਨੇ ਲਿਖੇ ਹਨ। ਫਿਲਮ ਦਾ ਮਿਊਜ਼ਿਕ ਐਵੀ ਸਰਾਂ, ਦਾ ਬੌਸ ਅਤੇ ਬਲੈਕ ਵਾਇਰਸ ਵਰਗੇ ਨਾਮੀਂ ਮਿਊਜ਼ਿਕ ਡਾਇਰੈਕਟਰਾਂ ਨੇ ਤਿਆਰ ਕੀਤਾ ਹੈ। 7 ਜੂਨ ਨੂੰ ਰਿਲੀਜ ਹੋਂਣ ਜਾ ਰਹੀ ਇਸ ਫਿਲਮ ਤੋਂ ਪੰਜਾਬੀ ਸਿਨਮੇ ਨੂੰ ਭਰਪੂਰ ਆਸਾਂ ਹਨ।

# ਬਿਨਾਕਾ ਗੀਤ ਮਾਲਾ ਦਾ ਸ਼ਹਿਨਸ਼ਾਹ ਸੀ ਅਮੀਨ ਸਯਾਨੀ



ਬਲਰਾਜ ਸਿੰਘ ਸਿੱਧੂ
ਏਆਈਜੀ (ਰਿਟਾ)
ਮੋ. 9501100062

ਕੋਈ ਜ਼ਮਾਨਾ ਸੀ ਜਦੋਂ ਲੋਕ ਬਿਨਾਕਾ ਗੀਤਮਾਲਾ ਸੁਣਨ ਲਈ ਹਰ ਬੁੱਧਵਾਰ ਰਾਤ ਨੂੰ ਰੇਡੀਉ ਨਾਲ ਚਿਪਕ ਜਾਂਦੇ ਸਨ। ਭਾਰਤ ਦੇ ਸੁਪਰ ਸਟਾਰ ਅਨਾਊਂਸਰ ਅਮੀਨ ਸਯਾਨੀ ਦੀ ਅਵਾਜ਼ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲਦਾ ਸੀ। ਅੱਜ ਕਲ੍ਹ ਲੋਕ ਹਰ ਸਮੇਂ ਸੋਸ਼ਲ ਮੀਡੀਆ ਨੂੰ ਚਿਪਕੇ ਰਹਿੰਦੇ ਹਨ ਤੇ ਸਭ ਦੀ ਇੱਛਾ ਫੇਸਬੁੱਕ, ਟਵਿੱਟਰ ਅਤੇ ਇੰਸਟਾਗਰਾਮ ਆਦਿ 'ਤੇ ਵੱਧ ਤੋਂ ਵੱਧ ਲਾਈਕ ਬਟੋਰਨ ਦੀ ਹੈ। ਭਾਰਤ ਵਿੱਚ 13 ਜੂਨ 1923 ਤੋਂ ਰੇਡੀਉ ਪ੍ਰਸਾਰਣ ਦੇ ਸ਼ੁਰੂ ਹੋਣ ਤੋਂ ਲੈ ਕੇ ਕੇਬਲ, ਡਿੱਸ਼ ਅਤੇ ਇੰਟਰਨੈੱਟ ਟੀਵੀ ਤੇ ਮੋਬਾਇਲ ਆਦਿ ਦੇ ਸ਼ੁਰੂ ਹੋਣ ਤੋਂ ਪਹਿਲਾਂ ਲੋਕਾਂ ਦੇ ਮੰਨੋਰੰਜਨ ਦਾ ਸਾਧਨ ਸਿਰਫ ਰੇਡੀਉ ਤੇ ਟਰਾਂਜਿਸਟਰ ਹੀ ਹੁੰਦੇ ਸਨ। ਪ੍ਰੰਤੂ ਭਾਰਤੀ ਰੇਡੀਉ ਦੇ ਇਤਿਹਾਸ ਵਿੱਚ ਅਮੀਨ ਸਯਾਨੀ ਦੁਆਰਾ ਪੇਸ਼ ਕੀਤਾ ਜਾਣ ਵਾਲਾ ਸੁੱਪਰ ਹਿੱਟ ਪ੍ਰੋਗਰਾਮ ਬਿਨਾਕਾ ਗੀਤ ਮਾਲਾ ਪੁਰਾਣੇ ਲੋਕਾਂ ਦੇ ਚੇਤਿਆਂ ਵਿੱਚ ਅੱਜ ਵੀ ਤਾਜ਼ਾ ਹੈ ਜੋ ਪਹਿਲੇ ਦਿਨ ਤੋਂ ਹੀ ਲਗਾਤਾਰ ਸਫਲਤਾ ਦੀਆਂ ਪੌੜੀਆਂ ਚੜ੍ਹਦਾ ਗਿਆ। ਇੱਕ ਵੇਲੇ ਇਸ ਦੇ ਸਰੋਤਿਆਂ ਦੀ ਗਿਣਤੀ ਦੋ ਕਰੋੜ ਤੋਂ ਵੀ ਵਧ ਗਈ ਸੀ।

ਬਿਨਾਕਾ ਗੀਤ ਮਾਲਾ ਭਾਰਤ ਵਿੱਚ ਹਿੰਦੀ ਫਿਲਮੀ ਗਾਣਿਆਂ ਦਾ ਪਹਿਲਾ ਕਾਊਂਟ ਡਾਊਨ ਪ੍ਰੋਗਰਾਮ ਸੀ। ਹਰ ਬੁੱਧਵਾਰ ਜਦੋਂ ਅਮੀਨ ਸਯਾਨੀ ਆਪਣੀ ਦਿਲਕਸ਼ ਅਵਾਜ਼ ਵਿੱਚ ਬੋਲਦਾ, ਉਬਹਨੋਂ ਔਰ ਭਾਈਉ, ਯਹ ਰੇਡੀਉ ਸੀਲੋਨ ਹੈ। ਮੈਂ ਅਮੀਨ ਸਯਾਨੀ ਹਾਜ਼ਰ ਹੂੰ ਆਪਕਾ ਮਨਪਸੰਦ ਪ੍ਰੋਗਰਾਮ ਬਿਨਾਕਾ ਗੀਤ ਮਾਲਾ ਲੇਕਰ" ਤਾਂ ਲੋਕ ਖੁਸ਼ੀ ਨਾਲ ਝੂਮ ਉੱਠਦੇ ਸਨ। ਅਮੀਨ ਸਯਾਨੀ ਉਹ ਪਹਿਲਾ ਅਨਾਊਂਸਰ ਸੀ ਜਿਸ ਨੇ ਬਾਕੀ ਅਨਾਊਸਰਾਂ ਵੱਲੋਂ ਬੋਲਿਆ ਜਾਣਾ ਵਾਲਾ ਵਾਕ ਭਾਈਉ ਔਰ ਬਹਿਨੋਂ ਦੀ ਜਗ੍ਹਾ ਬਹਿਨੋਂ ਔਰ ਭਾਈਉ ਕਹਿਣਾ ਸ਼ੁਰੂ ਕੀਤਾ ਸੀ। ਬਿਨਾਕਾ ਗੀਤ ਮਾਲਾ ਵਿੱਚ ਪੇਸ਼ ਕੀਤੀਆਂ ਜਾਂਦੀਆਂ ਮਿੱਠੀਆਂ ਧੁੰਨਾ ਵਾਲੇ ਗੀਤ ਸਰੋਤਿਆਂ ਨੂੰ ਪੂਰੇ ਇੱਕ ਘੰਟੇ ਲਈ ਕਿਸੇ ਹੋਰ ਹੀ ਦੁਨੀਆਂ ਵਿੱਚ ਲੈ ਜਾਂਦੇ ਸਨ। ਬਿਨਾਕਾ ਗੀਤ ਮਾਲਾ ਦਾ ਪਹਿਲਾ ਪ੍ਰੋਗਰਾਮ 12 ਦਸੰਬਰ ਸੰਨ 1952 ਨੂੰ ਪ੍ਰਸਾਰਿਤ ਹੋਇਆ ਸੀ। ਪਹਿਲੇ ਹੀ ਦਿਨ ਪ੍ਰਸਾਰਿਤ ਕੀਤੇ ਗਏ ਮਹਿਲ, ਨਾਗਿਨ ਅਤੇ ਉੜਨ ਖਟੋਲਾ ਵਰਗੀਆਂ ਫਿਲਮਾਂ ਦੇ ਸੁਪਰ ਹਿੱਟ ਗੀਤਾਂ ਅਤੇ ਅਮੀਨ ਸਯਾਨੀ ਦੇ ਦਿਲਕਸ਼ ਅਤੇ ਅਨੂਠੇ ਅੰਦਾਜ਼ ਨੇ ਲੋਕਾਂ ਨੂੰ ਸਦਾ ਲਈ ਇਸ ਪ੍ਰੋਗਰਾਮ ਦਾ ਦੀਵਾਨਾ ਬਣਾ ਦਿੱਤਾ ਤੇ ਦਿਨਾਂ ਵਿੱਚ ਹੀ ਇਹ ਰੇਡੀਉ ਦਾ ਸਭ ਤੋਂ ਵੱਧ ਪਸੰਦੀਦਾ ਪ੍ਰੋਗਰਾਮ ਬਣ ਗਿਆ। ਸ਼ੁਰੂ ਸ਼ੁਰੂ ਵਿੱਚ ਇਸ ਪ੍ਰੋਗਰਾਮ ਦੌਰਾਨ ਸਿਰਫ 7 ਗਾਣੇ ਸੁਣਾਏ ਜਾਂਦੇ ਸਨ ਤੇ ਗੀਤਾਂ ਦੀ ਦਰਜ਼ਾਬੰਦੀ ਨਹੀਂ ਸੀ ਕੀਤੀ ਜਾਂਦੀ। ਸੰਨ 1954 ਤੋਂ ਬਿਨਾਕਾ ਗੀਤ ਮਾਲਾ ਕਾਊਂਟ ਡਾਊਨ ਪ੍ਰੋਗਰਾਮ ਬਣ ਗਿਆ ਤੇ ਗਾਣਿਆਂ ਨੂੰ ਹਫਤਾਵਰੀ ਰੇਟਿੰਗ ਦਿੱਤੀ ਜਾਣ ਲੱਗੀ। ਪਹਿਲੇ ਸਲਾਨਾ ਕਾਊਂਟ ਡਾਊਨ (1953) ਵਿੱਚ ਫਿਲਮ ਅਨਾਰਕਲੀ ਦਾ ਲਤਾ ਮੰਗੇਸ਼ਕਰ ਦੁਆਰਾ ਗਾਇਆ ਗਿਆ ਗੀਤ, ਜੇ ਜ਼ਿੰਦਗੀ ਉਸੀ ਕੀ ਹੈ, ਜੋ ਕਿਸੀ ਕਾ ਹੋ ਗਯਾ, ਤੇ ਆਖਰੀ ਸਲਾਨਾ ਕਾਊਂਟ ਡਾਊਨ (1994) ਵਿੱਚ ਵੀ ਲਤਾ ਮੰਗੇਸ਼ਕਰ ਦਾ ਹੀ ਫਿਲਮ ਹਮ ਆਪਕੇ ਹੈਂ ਕੌਨ ਵਿੱਚ ਗਾਇਆ ਗਾਣਾ, ਦੀਦੀ ਤੇਰਾ ਦੇਵਰ ਦੀਵਾਨਾ, ਪਹਿਲੇ ਨੰਬਰ 'ਤੇ ਆਏ ਸਨ। ਹੌਲੀ ਹੌਲੀ ਗਾਣਿਆਂ ਦੀ ਰੇਟਿੰਗ ਹੀ ਇਸ ਪ੍ਰੋਗਰਾਮ ਦੀ ਲੋਕਪ੍ਰਿਯਤਾ ਦਾ ਮੁੱਖ ਕਾਰਨ ਬਣ ਗਈ। ਗੀਤਾਂ ਦੀ ਰੇਟਿੰਗ ਕਰਨ ਲਈ ਕਈ ਨੁਕਤਿਆਂ 'ਤੇ ਧਿਆਨ ਦਿੱਤਾ ਜਾਂਦਾ ਸੀ ਜਿਵੇਂ ਰਿਕਾਰਡਾਂ ਦੀ ਵਿਕਰੀ, ਬਾਕੀ ਰੇਡੀਉ ਸਟੇਸ਼ਨਾਂ 'ਤੇ ਗਾਣੇ ਦੀ ਕਿੰਨੀ ਫਰਮਾਇਸ਼ ਆ ਰਹੀ ਹੈ ਤੇ ਸਰੋਤਿਆਂ ਵੱਲੋਂ ਬਿਨਾਕਾ ਗੀਤ ਮਾਲਾ ਨੂੰ ਕਿਸੇ ਗਾਣੇ ਦੇ ਹੱਕ ਲਿਖੀਆਂ ਗਈਆਂ ਚਿੱਠੀਆਂ ਦੀ ਗਿਣਤੀ। ਪ੍ਰੰਤੂ ਬਾਅਦ ਵਿੱਚ ਸਰੋਤਿਆਂ ਤੋਂ ਵੋਟਾਂ ਲੈਣੀਆਂ ਬੰਦ ਕਰ ਦਿੱਤੀਆਂ ਗਈਆਂ ਕਿਉਂਕਿ ਪਤਾ ਲੱਗਾ ਕਿ ਕਈ ਸਰੋਤੇ ਆਪਣੇ ਮਨਪਸੰਦ ਗਾਣੇ ਨੂੰ ਰੇਟਿੰਗ ਵਿੱਚ ਉੱਪਰ ਲਿਆਉਣ ਲਈ ਵਿੱਚ ਵੱਖ ਵੱਖ ਨਾਵਾਂ 'ਤੇ ਦਰਜ਼ਨਾਂ ਚਿੱਠੀਆਂ ਲਿਖਣ ਲੱਗ ਪਏ ਸਨ।

ਬਿਨਾਕਾ ਗੀਤ ਮਾਲਾ ਦਾ ਨਾਮ ਦੋ ਵਾਰ ਬਦਲਿਆ ਗਿਆ ਸੀ। ਸ਼ੁਰੂ ਵਿੱਚ ਇਸ ਪ੍ਰੋਗਰਾਮ ਦੀ ਸਪਾਂਸਰ ਕੌਲਗੇਟ ਟੁੱਥ ਪੇਸਟ ਬਣਾਉਣ ਵਾਲੀ ਕੰਪਨੀ ਸੀਬਾ ਗਾਈਗੀ ਸੀ। 1980 ਵਿੱਚ ਸੀਬਾ ਗਾਈਗੀ ਨੇ ਕੌਲਗੇਟ ਬਰਾਂਡ ਰੈਕਿਟ ਐਂਡ ਕੋਲਮੈਨ ਕੰਪਨੀ ਨੂੰ ਵੇਚ ਦਿੱਤਾ ਤਾਂ ਉਸ ਨੇ ਬਿਨਾਕਾ ਦਾ ਨਾਮ ਬਦਲ ਕੇ ਸਿਬਾਕਾ ਰੱਖ ਲਿਆ ਤਾਂ ਪ੍ਰੋਗਰਾਮ ਦਾ ਨਾਮ ਸਿਬਾਕਾ ਗੀਤ ਮਾਲਾ ਹੋ ਗਿਆ। 1994 ਵਿੱਚ ਕੌਲਗੇਟ ਪਾਮੋਲਿਵ ਕੰਪਨੀ ਨੇ ਸਿਬਾਕਾ ਬਰਾਂਡ ਖਰੀਦ ਲਿਆ ਤਾਂ ਇਸ ਦਾ ਨਾਮ ਕੌਲਗੇਟ ਸਿਬਾਕਾ ਗੀਤ ਮਾਲਾ ਰੱਖ ਦਿੱਤਾ ਗਿਆ। ਪਹਿਲਾਂ ਇਹ ਰੇਡੀਉ ਸੀਲੋਨ (ਸ੍ਰੀ ਲੰਕਾ) ਤੋਂ ਪ੍ਰਸਾਰਿਤ ਕੀਤਾ ਜਾਂਦਾ ਸੀ ਪਰ ਸੰਨ 1988 ਤੋਂ ਬਾਅਦ ਇਹ ਵਿਵਿਧ ਭਾਰਤੀ (ਆਲ ਇੰਡੀਆ ਰੇਡੀਉ, ਨਵੀਂ ਦਿੱਲੀ) ਤੋਂ ਪ੍ਰਸਾਰਿਤ ਕੀਤਾ ਜਾਣ ਲੱਗ ਪਿਆ। ਬਿਨਾਕਾ ਗੀਤ ਮਾਲਾ ਵਿੱਚ 25 ਵਾਰ ਵੱਜਣ ਤੋਂ ਬਾਅਦ ਗਾਣੇ ਨੂੰ ਰਿਟਾਇਰ ਕਰ ਦਿੱਤਾ ਜਾਂਦਾ ਸੀ। ਹਫਤਾਵਰੀ ਕਾਊਂਟ ਡਾਊਨਾਂ ਦੇ ਅਧਾਰ 'ਤੇ ਇੱਕ ਨੰਬਰ 'ਤੇ ਆਇਆ ਗੀਤ, ਹਰ ਸਾਲ ਦਸੰਬਰ ਦੇ ਆਖਰੀ ਬੁੱਧਵਾਰ ਨੂੰ ਬਿਨਾਕਾ ਗੀਤ ਮਾਲਾ ਸਰਤਾਜ ਗੀਤ ਘੋਸ਼ਿਤ ਕਰ ਕੇ ਪ੍ਰਸਾਰਿਤ ਕੀਤਾ ਜਾਂਦਾ ਸੀ। ਪਰ ਹੌਲੀ ਹੌਲੀ ਲੋਕਾਂ ਦਾ ਧਿਆਨ ਪ੍ਰਾਈਵੇਟ ਟੀਵੀ ਚੈਨਲਾਂ 'ਤੇ ਪ੍ਰਸਾਰਿਤ ਹੋਣ ਵਾਲੇ ਸੰਗੀਤਕ ਸੁਪਰ ਹਿੱਟ ਮੁਕਾਬਲਿਆਂ ਵੱਲ ਹੋ ਗਿਆ ਜਿਸ ਕਾਰਨ ਸੰਨ 1994 ਵਿੱਚ ਇਸ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਗਿਆ। 1998 ਵਿੱਚ ਆਲ ਇੰਡੀਆ ਰੇਡੀਉ ਨੇ ਇਸ ਨੂੰ ਦੁਬਾਰਾ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਟਾਈਮ ਘਟਾ ਕੇ ਅੱਧਾ ਘੰਟਾ ਤੇ ਦਿਨ ਬੁੱਧਵਾਰ ਦੀ ਜਗ੍ਹਾ ਸੋਮਵਾਰ ਕਰ ਦਿੱਤਾ ਗਿਆ। ਪਰ ਸਰੋਤਿਆਂ ਵੱਲੋਂ ਕੋਈ ਖਾਸ ਹੁੰਗਾਰਾ ਨਾ ਮਿਲਣ ਕਾਰਨ ਸੰਨ 2000 ਵਿੱਚ ਬਿਨਾਕਾ ਗੀਤ ਮਾਲਾ ਨੂੰ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਗਿਆ। ਇਸ ਪ੍ਰੋਗਰਾਮ ਦੀ ਖਾਸ ਗੱਲ ਇਹ ਹੈ ਕਿ 1954 ਤੋਂ ਲੈ ਕੇ 2000 ਤੱਕ ਇਸ ਦਾ ਪੇਸ਼ਕਰਤਾ ਅਮੀਨ ਸਯਾਨੀ ਹੀ ਰਿਹਾ ਹੈ।

ਇਸ ਪ੍ਰੋਗਰਾਮ ਵਿੱਚ ਹਫਤਾਵਰੀ ਅਤੇ ਸਲਾਨਾ ਰੇਟਿੰਗ ਵਿੱਚ ਇੱਕ ਨੰਬਰ 'ਤੇ ਸਭ ਤੋਂ ਵੱਧ ਗਾਣੇ ਲਤਾ ਮੰਗੇਸ਼ਕਰ ਦੇ ਆਏ ਸਨ। ਉਸ ਤੋਂ ਬਾਅਦ ਮੁਹੰਮਦ ਰਫੀ ਅਤੇ ਕਿਸ਼ੋਰ ਕੁਮਾਰ ਦਾ ਨੰਬਰ ਆਉਂਦਾ ਹੈ। 12 ਦਸੰਬਰ 1977 ਨੂੰ ਇਸ ਪ੍ਰੋਗਰਾਮ ਦੇ 25 ਸਾਲ ਪੂਰੇ ਹੋਣ 'ਤੇ ਮੁੰਬਈ ਵਿਖੇ ਇਸ ਦੀ ਸਿਲਵਰ ਜੁਬਲੀ ਮਨਾਈ ਗਈ ਜਿਸ ਵਿੱਚ ਭਾਰਤ ਦੇ ਚੋਟੀ ਦੇ ਸੰਗੀਤਕਾਰਾਂ, ਕਵੀਆਂ, ਗਾਇਕਾਂ ਅਤੇ ਫਿਲਮ ਸਟਾਰਾਂ ਨੇ ਹਿੱਸਾ ਲਿਆ ਸੀ। ਇਸ ਮੌਕੇ 'ਤੇ ਅਮੀਨ ਸਯਾਨੀ ਦੀ ਕਮੈਂਟਰੀ ਵਾਲੇ ਦੋ ਗੋਲਡਨ ਰਿਕਾਰਡ ਜਾਰੀ ਕੀਤੇ ਗਏ ਜਿਨ੍ਹਾਂ ਨੇ ਵਿਕਰੀ ਦੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਪਹਿਲੇ ਰਿਕਾਰਡ ਵਿੱਚ 1953 ਤੋਂ 1964 ਤੱਕ ਦੇ ਤੇ ਦੂਸਰੇ ਰਿਕਾਰਡ ਵਿੱਚ 1965 ਤੋਂ 1977 ਤੱਕ ਦੇ ਸਲਾਨਾ ਰੇਟਿੰਗ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲੇ ਗਾਣੇ ਸ਼ਾਮਲ ਕੀਤੇ ਗਏ ਸਨ।

ਬਿਨਾਕਾ ਗੀਤ ਮਾਲਾ ਦਾ ਵੇਰਵਾ ਇਸ ਦੇ ਪੇਸ਼ਕਰਤਾ ਅਮੀਨ ਸਯਾਨੀ ਦੇ ਵਰਨਣ ਤੋਂ ਬਗੈਰ ਅਧੂਰਾ ਹੈ। ਉਸ ਦਾ ਜਨਮ 21 ਦਸੰਬਰ 1932 ਨੂੰ ਮੁੰਬਈ ਵਿਖੇ ਹੋਇਆ ਸੀ ਤੇ ਉਸ ਦੇ ਪਿਤਾ ਦਾ ਨਾਮ ਜਾਨ ਮੁਹੰਮਦ ਸਯਾਨੀ, ਮਾਤਾ ਦਾ ਨਾਮ ਕੁਲਸਮ ਸਯਾਨੀ ਤੇ ਪਤਨੀ ਦਾ ਨਾਮ ਰਾਮਾ ਮੱਟੂ ਹੈ ਤੇ ਇੱਕ ਪੁੱਤਰ ਰਾਜਿਲ ਸਯਾਨੀ ਹੈ। ਉਸ ਨੇ ਸਿੰਧੀਆ ਸਕੂਲ ਗਵਾਲੀਅਰ ਅਤੇ ਸੇਂਟ ਜ਼ੇਵੀਅਰ ਕਾਲਜ ਮੁੰਬਈ ਤੋਂ ਵਿਦਿਆ ਹਾਸਲ ਕੀਤੀ ਹੈ। ਅਮੀਨ ਸਯਾਨੀ ਨੇ 1951 ਵਿੱਚ ਆਲ ਇੰਡੀਆ ਰੇਡੀਉ ਮੁੰਬਈ ਵਿਖੇ ਨੌਕਰੀ ਸ਼ੁਰੂ ਕੀਤੀ ਤੇ ਸ਼ੁਰੂਆਤੀ ਦੋ ਸਾਲ ਉਸ ਨੇ ਇੰਗਲਿਸ਼ ਪ੍ਰੋਗਰਾਮ ਪੇਸ਼ ਕੀਤੇ। ਪਰ ਉਸ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਬਿਨਾਕਾ ਗੀਤ ਮਾਲਾ ਤੋਂ ਮਿਲੀ। ਇਸ ਪ੍ਰੋਗਰਾਮ ਤੋਂ ਇਲਾਵਾ ਉਸ ਨੇ ਆਲ ਇੰਡੀਆ ਰੇਡੀਉ 'ਤੇ ਐਸ ਕੁਮਾਰ ਕਾ ਫਿਲਮੀ ਮੁਕਾਬਲਾ, ਸੈਰੀਡਾਨ ਕੇ ਸਾਥੀ, ਬੌਰਨਵੀਟਾ ਕੁਵਿਜ਼ ਮੁਕਾਬਲਾ, ਸਿਤਾਰੋਂ ਕੀ ਪਸੰਦ, ਮਹਿਕਤੀ ਬਾਤੇਂ ਅਤੇ ਸੰਗੀਤ ਕੇ ਸਿਤਾਰੋਂ ਕੀ ਮਹਿਫਲ ਆਦਿ ਅਨੇਕਾਂ ਸਫਲ ਪ੍ਰੋਗਰਾਮ ਪੇਸ਼ ਕੀਤੇ। ਭਾਰਤ ਤੋਂ ਇਲਾਵਾ ਉਸ ਨੇ ਅਮਰੀਕਾ, ਕੈਨੇਡਾ, ਮਾਰੀਸ਼ੀਅਸ, ਦੱਖਣੀ ਅਫਰੀਕਾ, ਡੁਬਈ, ਫਿਜ਼ੀ ਅਤੇ ਨਿਊਜ਼ੀਲੈਂਡ ਆਦਿ ਕਈ ਦੇਸ਼ਾਂ ਦੇ ਰੇਡੀਉ ਸਟੇਸ਼ਨਾਂ 'ਤੇ ਵੀ ਪ੍ਰੋਗਰਾਮ ਪੇਸ਼ ਕੀਤੇ ਹਨ। ਰੇਡੀਉ ਤੋਂ ਇਲਾਵਾ ਉਹ ਸਟੇਜ਼ ਪ੍ਰੋਗਰਾਮ ਪੇਸ਼ ਕਰਨ ਦਾ ਵੀ ਮਾਹਰ ਸੀ ਤੇ ਉਸ ਨੇ 2100 ਦੇ ਕਰੀਬ ਸੁੰਦਰਤਾ ਮੁਕਾਬਲੇ, ਫੈਸ਼ਨ ਸ਼ੋਅ, ਇਨਾਮ ਵੰਡ ਸਮਾਰੋਹ, ਫਿਲਮ ਸਿਲਵਰ - ਗੋਲਡਨ ਜ਼ੁਬਲੀ ਸ਼ੋਅ ਤੇ ਸੈਮੀਨਾਰ ਆਦਿ ਪੇਸ਼ ਕੀਤੇ। ਉਹ ਹੁਣ ਤੱਕ ਰੇਡੀਉ 'ਤੇ ਕਰੀਬ 54000 ਵਾਰ ਪ੍ਰੋਗਰਾਮ ਪੇਸ਼ ਕਰ ਚੁੱਕਾ ਹੈ ਜਿਸ ਕਾਰਨ ਉਸ ਦਾ ਨਾਮ ਲਿਮਕਾ ਬੁੱਕ ਆਫ ਰਿਕਾਰਡਜ਼ ਵਿੱਚ ਦਰਜ਼ ਹੈ। ਉਹ ਭਾਰਤ ਦਾ ਵਾਹਿਦ ਰੇਡੀਉ ਪੇਸ਼ਕਰਤਾ ਹੈ ਜਿਸ ਦੇ ਬੋਲਣ ਦੇ ਅੰਦਾਜ਼ ਦੀ ਸਭ ਤੋਂ ਵੱਧ ਨਕਲ ਕੀਤੀ ਜਾਂਦੀ ਹੈ। ਉਸ ਨੂੰ 2007 ਵਿੱਚ ਹਿੰਦੀ ਰਤਨ ਪੁਰਸਕਾਰ ਅਤੇ 2009 ਵਿੱਚ ਪਦਮ ਸ਼੍ਰੀ ਅਵਾਰਡ ਸਮੇਤ ਸੈਂਕੜੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਵਾਰਡ ਤੇ ਇਨਾਮ ਇਕਰਾਮ ਹਾਸਲ ਹੋ ਚੁੱਕੇ ਹਨ। ਅਖੀਰ ਉਹ ਕੁਦਰਤ ਦੇ ਅਟੱਲ ਨਿਯਮ ਮੁਤਾਬਕ 20 ਫਰਵਰੀ 2024 ਵਾਲੇ ਦਿਨ 92 ਸਾਲ ਦੀ ਉਮਰ ਭੋਗ ਕੇ ਪ੍ਰਲੋਕ ਸਿਧਾਰ ਗਿਆ।
















# ਮੰਟੋ, ਦਾਦਾ ਕੋਂਡਕੇ ਤੇ ਚਮਕੀਲਾ


ਤਰਸੇਮ ਬਸ਼ਰ

ਵਿਆਹ ਤੋਂ ਤੁਰੰਤ ਬਾਅਦ ਜਦੋਂ ਚੰਡੀਗੜ੍ਹ ਜਾਣਾ ਹੋਇਆ ਮੈਂ ਤੇ ਬੀਵੀ 17 ਸੈਕਟਰ ਚੰਡੀਗੜ ਦੀ ਇੱਕ ਵੱਡੀ ਸੰਗੀਤਕ ਦੁਕਾਨ ਤੇ ਗਏ ਤਾਂ ਮੈਂ ਮਦਨ ਮੋਹਨ ਦੇ ਸੰਗੀਤਬਧ ਗਾਣਿਆਂ ਦਾ ਇੱਕ ਸੈੱਟ ਲਿਆ, ਜੋ ਮਹਿੰਗਾ ਵੀ ਸੀ , ਪਰ ਲੈ ਲਿਆ । ਇਹਨਾਂ ਵਿੱਚ ਤਿੰਨ ਦਰਜਨ ਦੇ ਲਗਭਗ ਉਹ ਗੀਤ ਸਨ ਜਿਨਾਂ ਦੀਆਂ ਤਰਜ਼ਾਂ ਰਾਗਾਂ ਦਾ ਆਧਾਰਿਤ ਸੀ ।

ਭਾਂਵੇ ਇਹਨਾਂ ਵਿੱਚ ਮਕਬੂਲ ਗੀਤ ਘੱਟ ਸਨ ਪਰ ਇਹਨਾਂ ਗਜ਼ਲਾਂ ਦੇ ਸ਼ਿਅਰ ਡੂੰਘੇ ਸਨ , ਦਿਲ ਤੇ ਅਸਰ ਕਰਨ ਵਾਲੇ ਸਨ ਜਿਆਦਾਤਰ ਕੈਫੀ ਆਜ਼ਮੀ ਅਤੇ ਮਜਰੂਹ ਸਾਹਿਬ ਦੇ । ਮੈਂ ਇਸੇ ਤਰ੍ਹਾਂ ਦਾ ਸੰਗੀਤ ਸੁਣਦਾ ਰਿਹਾ ਹਾਂ,ਮੇਰੀ ਪਤਨੀ ਦੀ ਪਸੰਦ ਵੀ ਤਕਰੀਬਨ ਲਗਭਗ ਅਜਿਹੀ ਹੀ ਹੈ।ਘਰ ਵਿੱਚ ਕੁੱਲ ਮਿਲਾ ਕੇ ਗਹਿਰ ਗੰਭੀਰ ਸੰਗੀਤਕ ਮਾਹੌਲ ਸੀ। ਲੋਕਾਂ ਦੇ ਘਰਾਂ ਵਿੱਚ ਕੁਝ ਹੋਰ ਤਰ੍ਹਾਂ ਦੇ ਗੀਤ ਸੰਗੀਤ ਦੀ ਆਵਾਜ਼ ਹੁੰਦੀ ਤਾਂ ਸਾਡੇ ਘਰ ਦਾ ਰਿਕਾਰਡਰ ਵਿਚਾਰਾ ਗਹਿਰ ਗੰਭੀਰ ਸੰਗੀਤ ਵਜਾਉਣ ਤੇ ਮਜਬੂਰ ਹੁੰਦਾ ।

ਫਿਰ ਇੱਕ ਦਿਨ ਮੈਂ ਘਰੇ ਇੱਕ ਅਜਿਹਾ ਗੀਤ ਵਜਾਇਆ , ਜੋ ਕੁਝ ਅਲੱਗ ਕੈਫੀਅਤ ਦਾ ਸੀ , ਸਾਡੇ ਘਰ ਦੀ ਫਿਜ਼ਾ ਲਈ ਓਪਰਾ ਸੀ । ਇਹ ਅਮਰ ਸਿੰਘ ਚਮਕੀਲਾ ਦਾ ਗੀਤ ਸੀ ਕਰ ਯਾਦ ਕੁੜੇ ।

ਪਤਨੀ ਪਹਿਲਾਂ ਤਾਂ ਹੈਰਾਨ ਹੋਈ ਮੈਂ ਕਦੋਂ ਤੋਂ ਇਹ ਪਸੰਦ ਕਰਨ ਲੱਗ ਗਿਆ ਹਾਂ ਪਰ ਮੇਰੇ ਨਾਲ ਉਸ ਨੇ ਜਦੋਂ ਇਹ ਗੀਤ ਸੁਣਿਆ ਤਾਂ ਉਸ ਨੂੰ ਵੀ ਚੰਗਾ ਲੱਗਿਆ । ਗੀਤ ਉਦਾਸ ਸੁਰ ਦਾ ਸੀ ਤੇ ਚਮਕੀਲਾ ਦੀ ਆਵਾਜ਼ ਚ ਵੀ ਲੋਹੜੇ ਦੀ ਉਦਾਸੀ ਸੀ। ਸੰਗੀਤ ਵੀ ਕਮਾਲ ਦਾ ਸੀ । ਇਹ ਇੱਕ ਮੁਕੰਮਲ ਗੀਤ ਸੀ। ਸੁਣਦਿਆਂ ਹੋਇਆਂ ਮੈਂ ਪਤਨੀ ਨੂੰ ਸਮਝਾ ਰਿਹਾ ਸੀ ÷ ਬਹੁਤ ਸੁਰੀਲਾ ਗਾਇਕ ਹੈ ....ਦੇਖ ਕਿੰਨੇ ਉੱਚੇ ਸਕੇਲ ਵਿੱਚ ਗਾਉਂਦਾ ਹੈ ..ਕਿਤੇ ਵੀ ਬੇਸੁਰਾ ਨਹੀਂ ਹੁੰਦਾ ਆਵਾਜ਼ ਵਿੱਚ ਗਰਾਮ ਹੈ..... ਉੱਚੇ ਸੁਰ ਵਿੱਚ ਫਿੱਕਾ ਨਹੀਂ ਹੁੰਦਾ ਔਰ ਅੰਤਰਾ ਦੇਖ ਕਿਵੇਂ ਚੱਕਿਆ ਹੈ... ਪੰਜਾਬੀ ਗਾਇਕ ਅੰਤਰੇ ਤੇ ਆ ਕੇ ਫਿੱਕੇ ਪੈ ਜਾਂਦੇ ਹਨ, ਦੇਖ ਇਹਦਾ ਅੰਤਰਾ .....ਆਦਿ ।

ਛੋਟੇ ਹੁੰਦਿਆਂ ਮੈਂ ਵਿਆਹਾਂ ਚ ,ਮੇਲਿਆਂ ਵਿੱਚ, ਇਕੱਠਾਂ ਵਿੱਚ ਉਸ ਦੇ ਗੀਤ ਚਲਦੇ ਸੁਣੇ ਸਨ ਪਰ ਮੇਰੀ ਉਹਨਾਂ ਵਿੱਚ ਦਿਲਚਸਪੀ ਨਹੀਂ ਸੀ ਬਣੀ , ਮਾਂ ਦੀਆਂ ਨਸੀਹਤਾਂ ਕਾਰਨ ਸਮਾਜਿਕ ਬੰਨਨਾ ਦਾ ਬੋਲ ਬਾਲਾ ਸੀ ,ਸੀਟੀ ਵਜਾਉਣ ਤੱਕ ਤੇ ਵੀ ਪਾਬੰਦੀ ਸੀ ਤਾਂ ਇਹਨਾਂ ਗੀਤਾਂ ਦੇ ਨੇੜੇ ਜਾ ਵੀ ਕਿਵੇਂ ਸਕਦਾ ਸੀ , ਸਾਨੂੰ ਕਿਸੇ ਨੇ ਸਮਝਾਇਆ ਨਹੀਂ ਸੀ ਪਰ ਸਾਨੂੰ ਪਤਾ ਸੀ ਇਹ ਵਰਜਿਤ ਗੀਤ ਹਨ ।

ਪਰਚਮਕੀਲੇ ਦੀ ਮਕਬੂਲੀਅਤ ਬਾਰੇ ਇਲਮ ਸੀ । ਉਸ ਗੀਤਾਂ ਦੀ ਬੋਲੀ ਪਿੰਡਾਂ ਦੀ ਬੋਲੀ ਸੀ ਉਸ ਨੇ ਜਾਇਆ ਵੱਡੀ ਦਾ ਵਰਗੇ ਨਿਰੋਲ ਪੇਂਡੂ ਸ਼ਬਦ ਚਲਨ ਚ ਲੈ ਆਂਦੇ ਸਨ ।ਉਸਦੇ ਪਾਤਰ ਪੇਂਡੂ ਸਨ । ਉਹ ਇਹਨਾਂ ਪਾਤਰਾਂ ਦੀ ਮਾਨਸਿਕਤਾ ਨੂੰ ਆਧਾਰ ਬਣਾ ਕੇ ਗੀਤ ਲਿਖ ਰਿਹਾ ਸੀ। ਜਿਸ ਵਿੱਚ ਬਦਮਾਸ਼ੀ ਦਾ ਜ਼ਿਕਰ ਸੀ ਸ਼ਰਾਬ ਦਾ ਜ਼ਿਕਰ ਸੀ , ਨਾ ਪੂਰੀਆਂ ਹੋ ਸਕੀਆਂ ਕਾਮਨਾਵਾਂ ਦਾ ਵੀ ਜਿਕਰ ਸੀ ।

ਉਹ ਬਹੁਤਾ ਮਸ਼ਹੂਰ ਵੀ ਪਿੰਡਾਂ ਵਿੱਚ ਸੀ, ਸ਼ਹਿਰੀ ਲੋਕ ਉਸ ਤੋਂ ਦੂਰ ਸਨ। ਉਹਨੇ ਸ਼ਹਿਰੀ ਜੀਵਨ ਬਾਰੇ ਬਹੁਤਾ ਲਿਖਿਆ ਵੀ ਨਹੀਂ ਸੀ ।

ਬਚਪਨ ਦੇ ਦਿਨਾਂ ਵਿੱਚ ਜਦੋਂ ਨਾਲ ਦੇ ਪਿੰਡ ਵਿੱਚ ਉਸ ਦਾ ਅਖਾੜਾ ਲੱਗਿਆ ਸੀ ਤਾਂ ਉੱਥੇ ਖੜਨ ਨੂੰ ਜਗ੍ਹਾ ਨਹੀਂ ਸੀ ਮਿਲੀ । ਉਦੋਂ ਚਮਕੀਲੇ ਨੂੰ ਅਖਾੜੇ ਲਈ ਵਿਆਹ ਵਿੱਚ ਬੁਲਾਉਣਾ ਸਟੇਟਸ ਸਿੰਬਲ ਬਨ ਗਿਆ ਸੀ। ਉਸਦੀ ਮਕਬੂਲੀਅਤ ਬੁਲੰਦੀ ਤੇ ਸੀ ਪਰ ਘਰਾਂ ਵਿੱਚ ਉਸ ਦੇ ਗੀਤ ਉਸ ਤਰ੍ਹਾਂ ਨਹੀਂ ਸਨ ਸੁਣੇ ਜਾਂਦੇ ਜਿਸ ਤਰ੍ਹਾਂ ਕੁਲਦੀਪ ਮਾਣਕ ਦੇ ਸੁਣੇ ਜਾਂਦੇ ਸਨ ਸੁਰਿੰਦਰ ਸ਼ਿੰਦੇ , ਦੀਦਾਰ ਸੰਧੂ ਦੇ ਸੁਣੇ ਜਾਂਦੇ ਸਨ । ਘਰਾਂ ਦੇ ਸਿਆਣਿਆਂ ਨੇ ਉਸ ਬਾਰੇ ਇਹ ਫੈਸਲਾ ਕਰ ਲਿਆ ਸੀ ਉਸਦੇ ਗੀਤ ਘਰਾਂ ਚ ਵੱਜਣ ਵਾਲੇ ਨਹੀਂ ਇਹਨਾਂ ਦਾ ਬੱਚਿਆਂ ਦੀ ਪਰਵਰਿਸ਼ ਤੇ ਬੁਰਾ ਅਸਰ ਪੈਂਦਾ ਹੈ ।

ਇਹ ਇੱਕ ਤਰ੍ਹਾਂ ਦਾ ਅਜੀਬੋ ਗਰੀਬ ਸਮਾਜਿਕ ਇਹਤਜਾਜ ਸੀ। ਘਰਾਂ ਵਿੱਚ ਉਸ ਦੇ ਗੀਤ ਨਹੀਂ ਸਨ ਚੱਲ ਰਹੇ ਪਰ ਵਿਆਹਾਂ ਸ਼ਾਦੀਆਂ ਵਿੱਚ, ਮੇਲਿਆਂ ਅਖਾੜਿਆਂ ਵਿੱਚ ਉਸ ਨੂੰ ਸੁਣਨ ਲਈ ਲੋਕ ਇਕੱਠੇ ਹੋ ਜਾਂਦੇ ਸਨ ,ਜਿਨਾਂ ਵਿੱਚ ਔਰਤਾਂ ਵੀ ਸ਼ਾਮਿਲ ਹੁੰਦੀਆਂ। ਉਸ ਕੋਲ ਸਭ ਤੋਂ ਵੱਧ ਕੰਮ ਆ ਚੁੱਕਿਆ ਸੀ ।

ਇਹਨਾਂ ਹਾਲਾਤਾਂ ਦਾ



ਚਮਕੀਲਾ ਫਿਲਮ ਵਿੱਚ ਬੜਾ ਸਪਸ਼ਟ ਜਿਕਰ ਹੈ ਜਦੋਂ ਉਹ ਮਕਬੂਲ ਦੀਆ ਦੇ ਸਿਖਰ ਤੇ ਹੁੰਦਿਆਂ ਵਿਵਾਦਾਂ ਚ ਗਹਿਰ ਗਿਆ । ਕਲਾ ਉਸ ਕੋਲ ਸੀ ਹੀ ਫਿਰ ਉਸ ਨੇ ਧਾਰਮਿਕ ਗੀਤ ਲਿਖੇ ਇਹਨਾਂ ਗੀਤਾਂ ਵਿੱਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਭਾਵੁਕ ਬਿਰਤਾਂਤ ਸਨ ,ਵਿਛੜ ਗਏ ਸਥਾਨਾਂ ਦਾ ਵਿਰੋਚਾ ਸੀ , ਧਰਮ ਪ੍ਰਤੀ ਅਕੀਦਤ ਸੀ ।

ਇਹ ਗੀਤ ਘਰਾਂ ਵਿੱਚ ਵੱਜੇ ।

ਘਰਾਂ ਦੇ ਭੇੜੇ ਹੋਏ ਦਰਵਾਜ਼ੇ ਉਸ ਲਈ ਖੁੱਲ ਗਏ ਸਨ । ਉਹਨਾਂ ਲੋਕਾਂ ਨੇ ਉਸ ਦੀ ਪ੍ਰਤਿਭਾ ਦਾ ਲੋਹਾ ਮੰਨ ਲਿਆ ਸੀ ਜਿਨਾਂ ਨੇ ਉਹਨਾਂ ਉਸ ਨੂੰ ਉਸ ਦੇ ਮੁੱਢਲੇ ਗੀਤਾਂ ਕਰਕੇ ਰੱਦ ਕਰ ਦਿੱਤਾ ਸੀ ਜਿਨਾਂ ਦੀ ਸ਼ਬਦਾਵਲੀ ਸਮਾਜਿਕ ਮਰਿਆਦਾ ਅਨੁਸਾਰ ਨਾ ਬਰਦਾਸ਼ਤ ਕੀਤੀ ਜਾਣ ਵਾਲੀ ਸੀ ।

ਸਾਡੇ ਪਿੰਡ ਮੰਦਰ ਤੇ ਮੇਰੇ ਦੋਸਤ ਵਾਜਾ ਤੇ ਢੋਲਕ ਰੱਖਦੇ ਸਨ ਅਕਸਰ ਗਾਣੇ ਗਾਉਂਦੇ ਰਹਿੰਦੇ ਸਨ ਜਿਨਾਂ ਵਿੱਚ ਨੁਸਰਤ ਸਾਹਿਬ ਦੇ ਗਾਣੇ ਹੁੰਦੇ ਸਨ, ਸਲੀਮ ਦੇ ,ਸਰਦੂਲ ਸਿਕੰਦਰ ਦੇ ਹੰਸ ਰਾਜ ਹੰਸ ਦੇ । ਇਹਨਾਂ ਗੀਤਾਂ ਦੀ ਚੋਣ ਸਮਾਜਿਕ ਅਤੇ ਧਾਰਮਿਕ ਅਧਾਰ ਤੇ ਹੁੰਦੀ ਸੀ । ਫਿਰ ਇਸ ਵਿੱਚ ਇੱਕ ਚਮਕੀਲੇ ਦਾ ਗੀਤ ਵੀ ਸ਼ਾਮਿਲ ਹੋ ਗਿਆ ਸੀ , ਇਹ ਸੀਢਾਈ ਦਿਨ ਦੀ ਪ੍ਰਾਹੁਣੀ ਜਿੰਦੇ ਤੂੰ ।ਸਮਾਜਿਕ ਸੱਚ ਅਤੇ ਨਸੀਹਤਾਂ ਨੂੰ ਚਮਕੀਲੇ ਨੇ ਬਹੁਤ ਸੋਹਣੇ ਢੰਗ ਨਾਲ ਗਾਇਆ ਸੀ , ਲਿਖਿਆ ਸੀ ।

ਉਸ ਦਾ ਇਹ ਗੀਤ ਮੰਦਰ ਤੇ ਗਾਏ ਜਾਣ ਵਾਲੇ ਇਹਨਾਂ ਗੀਤਾਂ ਵਿੱਚ ਸ਼ਾਮਿਲ ਹੋਣਾ , ਇੱਕ ਅਹਿਮ ਮੋੜ ਸੀ ।ਉਸ ਦੇ ਇਹਨਾਂ ਸਮਾਜਿਕ ਤੇ ਧਾਰਮਿਕ ਗੀਤਾਂ ਵਿੱਚ ਕਲਾਤਮਕ ਸਿੱਕ ਸੀ ,ਕਿਸੇ ਪਰਪੱਕ ਧਾਰਮਿਕ ਧਾਰਮਿਕ ਗੀਤਕਾਰ ਦੀ ਛੂਹ ਸੀ।ਸਮਾਜ ਉਸ ਦੇ ਇਹਨਾਂ ਸਮਾਜਿਕ ਗੀਤਾਂ ਨੂੰ ਪ੍ਰਵਾਨਗੀ ਦੇ ਰਿਹਾ ਸੀ ਪਰ ਹਾਲੇ ਉਸ ਦੇ ਉਹਨਾਂ ਗੀਤਾਂ ਨੂੰ ਤਸਲੀਮ ਕਰਨ ਵਾਸਤੇ ਰਾਜ਼ੀ ਨਹੀਂ ਸੀ ,ਜਿਨਾਂ ਕਰਕੇ ਉਸਦੀ ਮਕਬੂਲ਼ਇਤ ਹੋਈ ਸੀ ਜਿਸ ਕਰਕੇ ਉਸ ਹਰ ਦਿਨ ਅਖਾੜੇ ਲੱਗਦੇ ਸਨ ,ਜਿਸ ਚ ਪੈਸਾ ਸੀ ।

ਸ਼ਾਇਦ ਉਹ ਇੱਕ ਵੱਡੇ ਵਿਰੋਧਾਭਾਸ ਦੇ ਸਾਹਮਣੇ ਸੀ ।


ਇਹ ਦੌਰ ਪੰਜਾਬ ਵਾਸਤੇ ਬਹੁਤ ਤਨਾਓ ਭਰਿਆ ਦੌਰ ਸੀ। ਕਤਲ ਹੋ ਰਹੇ ਸਨ, ਮੁਕਾਬਲੇ ਕੀਤੇ ਜਾ ਰਹੇ ਸਨ ਇਸ ਤਨਾਅ ਵਿਚ ਕੁਦਰਤੀ ਗੱਲ ਹੈ ਕਿ ਚਮਕੀਲਾ ਵੀ ਤਨਾਅ ਵਿੱਚ ਹੋਵੇਗਾ । ਇਸ ਮਹੀਨ ਵਰਤਾਰੇ ਨੂੰ ਇਮਤਿਆਜ਼ ਅਲੀ ਨੇ ਆਪਣੀ ਫਿਲਮ ਵਿੱਚ ਬੜੀ ਸੂਖਮਤਾ ਨਾਲ ਦਿਖਾਇਆ ਹੈ ।



ਸਮਾਜਿਕ ਤੇ ਨੈਤਿਕ ਕਦਰਾਂ ਕੀਮਤਾਂ ਨੂੰ ਉਲੰਘੇ ਜਾਣ ਦੇ ਦੋਸ਼ਾਂ ਵਿੱਚ ਘਿਰਿਆ ਹੋਇਆ ਉਹ ਇਹ ਵੀ ਸਮਝਦਾ ਸੀ ਕਿ ਚੜ੍ਹਾਈ ਦੇ ਕੁਝ ਕੁ ਸਾਲ ਹੀ ਹੁੰਦੇ ਹਨ ।ਗਰੀਬੀ ਦੇ ਦੁੱਖ ਉਹ ਜਾਣਦਾ ਸੀ।ਫਿਰ ਇੱਕ ਦਿਨ ਖਬਰ ਆਈ ਕਿ ਚਮਕੀਲਾ ਉਸ ਦੀ ਸਾਥਨ ਅਮਰਜੋਤ ਅਤੇ ਸਾਥੀਆਂ ਦਾ ਵੀ ਕਤਲ ਹੋ ਗਿਆ , ਜਿਨਾਂ ਵਿੱਚ ਹਰਜੀਤ ਗਿੱਲ ਵੀ ਸ਼ਾਮਿਲ ਸੀ ਜੋ ਉਸ ਨਾਲ ਹਰਮੋਨੀਅਮ ਵਜਾਉਂਦਾ ਸੀ ਅਤੇ ਜਿਸ ਦਾ ਲਿਖਿਆ ਹੋਇਆ ਹੀ ਸੀ ਗੀਤ ÷ਕਰ ਯਾਦ ਕੁੜੇ ÷ ।ਉਦੋਂ ਹਰ ਰੋਜ਼ ਅਜਿਹੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਸਨ ਤੇ ਚਮਕੀਲੇ ਬਾਰੇ ਬਹੁਤਿਆਂ ਨੂੰ ਪਹਿਲਾਂ ਤੋਂ ਹੀ ਡਰ ਸੀ ਕਿ ਅਜਿਹਾ ਜਿਹਾ ਹੋਵੇਗਾ । ਉਦੋਂ ਉਹ ਮਹਿਜ 27 ਸਾਲਾਂ ਦਾ ਸੀ ਅਤੇ ਆਪਣੀ ਛੋਟੀ ਉਮਰ ਦੇ ਇਸ ਪੜਾਅ ਵਿੱਚ ਉਸ ਨੇ ਉਹ ਮਕਬੂਲੀਅਤ ਹਾਸਲ ਕਰ ਲਈ ਸੀ ਜੋ ਬਹੁਤਿਆਂ ਨੂੰ ਤਾਂ ਤਾਉਮਰ ਕੰਮ ਕਰਨ ਤੋਂ ਬਾਅਦ ਵੀ ਨਸੀਬ ਨਹੀਂ ਹੁੰਦੀ ।

ਖਬਰ ਆਈ, ਖਬਰ ਚਲੀ ਗਈ । ਪਰ ਚਮਕੀਲਾ ਨਹੀਂ ਸੀ ਗਿਆ ।

ਉਹ ਲੋਕਾਂ ਦੇ ਜਿਹਨ ਵਿੱਚ ਜਿੰਦਾ ਸੀ, ਕੈਸਟਾਂ , ਸੀਡੀਆਂ ਚ ਚੁੱਪ ਸੀ ਕੁਝ ਸਾਲਾਂ ਬਾਦ ਫਿਰ ਲੋਕ ਉਸ ਨੂੰ ਸੁਣਨ ਲੱਗ ਪਏ ਸਨ ਤੇ ਫਿਰ ਉਹ ਅਗਲੀਆਂ ਪੀੜੀਆਂ ਤੱਕ ਵੀ ਪਹੁੰਚ ਗਿਆ ਸੀ ।


ਇਮਤਿਆਜ਼ ਅਲੀ ਹੁਰਾਂ ਦੀ ਇਹ ਫਿਲਮ ਕਈ ਭਾਸ਼ਾਵਾਂ ਵਿੱਚ ਰਿਲੀਜ਼ ਹੋਈ ਹੈ ।ਚਮਕੀਲਾ ਮਰਨ ਤੋਂ ਬਾਅਦ ਹੋਰ ਵੱਡਾ ਹੋ ਗਿਆ ਹੈ ਉਹ ਪੰਜਾਬ ਤੋਂ ਬਾਹਰ ਵੀ ਲੋਕਾਂ ਲਈ ਖਿੱਚ ਦਾ ਕੇਂਦਰ ਬਣ ਗਿਆ ਹੈ ।

ਕਿਸੇ ਇਲਾਕਾਈ ਗਾਇਕ ਵਿੱਚ ਕਿਸੇ ਬਾਹਰਲੇ ਦੇਸ਼ ਅਤੇ ਸੂਬਿਆਂ ਦੇ ਲੋਕਾਂ ਨੂੰ ਕੀ ਦਿਲਚਸਪੀ ਹੋ ਸਕਦੀ ਹੈ ਇਮਤਿਆਜ਼ ਅਲੀ ਇਹ ਬਾਖ਼ੂਬੀ ਸਮਝਦੇ ਸਨ। ਉਹ ਕਹਾਣੀ ਨੂੰ ਸਮਝਦੇ ਸਨ , ਇਸ ਵਿਚ ਬਹੁਤ ਕੁਝ ਸੀ। ਫਿਲਮ ਵਿੱਚ ਚਮਕੀਲਾ ਤੇ ਅਮਰਜੋਤ ਦੇ ਗੀਤ ਹਨ। ਪ੍ਰਚਲਤ ਅਤੇ ਪ੍ਰਸਿੱਧ ਗੀਤ ਹਨ। ਕੁਝ ਗੀਤ ਇਹਨਾਂ ਤੋਂ ਬਿਨਾਂ ਵੀ ਹਨ ਜਿਸ ਦਾ ਸੰਗੀਤ ਏ ਆਰ ਰਹਿਮਾਨ ਨੇ ਦਿੱਤਾ ਹੈ। ਭਾਵੇਂ ਇਹ ਗੀਤ ਕਹਾਣੀ ਨੂੰ ਅੱਗੇ ਤੋਰਦੇ ਹਨ ਪਰ ਸੰਗੀਤਕ ਤੌਰ ਤੇ ਇੰਨੇ ਪ੍ਰਭਾਵਿਤ ਨਹੀਂ ਕਰਦੇ । ਇਹ ਯਾਦ ਨਹੀਂ ਰਹਿੰਦੇ। ਇਹਨਾਂ ਦੇ ਸ਼ਬਦਾਵਲੀ ਵੀ ਸਪਸ਼ਟ ਨਹੀਂ ਹੈ। ਫਿਲਮ ਦੀ ਸਕ੍ਰਿਪਟ ਵਿੱਚ ਲਗਾਤਾਰਤਾ ਹੈ, ਤੇਜੀ ਹੈ ਪਰ ਅਖੀਰਲੇ ਅੱਧੇ ਘੰਟੇ ਵਿੱਚ ਕਈ ਵਾਰ ਦੁਹਰਾਓ ਵੀ ਆਉਂਦਾ ਹੈ ।

ਜਿਹੜੇ ਦਰਸ਼ਕ ਜਾਂ ਵਿਚਾਰਕ ਪੰਜਾਬੀ ਗਾਇਕੀ ਅਤੇ ਸਿਨੇਮਾ ਦੇ ਗਾਇਕਾਂ ਦੀ ਅਦਾਕਾਰੀ ਤੋਂ ਨਿਰਾਸ਼ ਹਨ ਉਹ ਦਲਜੀਤ ਵੱਲੋਂ ਨਿਭਾਈ ਗਈ ਭੂਮਿਕਾ ਕਾਰਨ ਉਤਸ਼ਾਹਿਤ ਹੋ ਸਕਦੇ ਹਨ। ਉਸ ਨੇ ਜੇ ਮਹਾਨ ਕੰਮ ਅਦਾ ਨਹੀਂ ਕੀਤਾ ਤਾਂ ਬਹੁਤ ਸਾਰਿਆਂ ਨਾਲੋਂ ਬਿਹਤਰ ਜ਼ਰੂਰ ਹੈ। ਪਰਨੀਤੀ ਚੋਪੜਾ ਨੇ ਵੀ ਚੁਣੌਤੀ ਪੂਰਨ ਭੂਮਿਕਾ ਨੂੰ ਸੰਤੋਸ਼ ਜਨਕ ਢੰਗ ਨਾਲ ਨਿਭਾਇਆ ਹੈ । ਓਹਨਾਂ ਸਾਹਮਣੇ ਇੱਕ ਚੁਣੌਤੀ ਇਹ ਵੀ ਸੀ ਕਿ ਉਹਨਾਂ ਨੇ ਇੱਕ ਗਾਇਕਾ ਦੀ ਭੂਮਿਕਾ ਅਦਾ ਕਰਨੀ ਸੀ , ਜਿਸ ਦੇ ਗੀਤ ਵੀ ਉਹਦੀ ਹੀ ਸ਼ੈਲੀ, ਪੇਂਡੂ ਠੁੱਕ ਸਮੇਤ ਗਾਉਣੇ ਸਨ ◆ ਉਸ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਪਰਨੀਤੀ ਚੋਪੜਾ ਨੇ ਇਸ ਫਿਲਮ ਲਈ ਕਿੰਨੀ ਮਿਹਨਤ ਕੀਤੀ ਹੈ । ਭਾਵੇਂ ਕਿਸੇ ਵੀ ਫਿਲਮ ਵਿੱਚ ਕਿਸੇ ਦੀ ਜ਼ਿੰਦਗੀ ਨਾਲ ਜੁੜੀ ਹੋਈ ਹਰ ਚੀਜ਼ ਦਿਖਾਉਣਾ ਸੰਭਵ ਨਹੀਂ ਹੁੰਦਾ ਪਰ ਇਹ ਮੰਨਣਾ ਪਏਗਾ ਕਿ ਇਮਤਿਆਜ਼ ਅਲੀ ਅਤੇ ਉਹਨਾਂ ਦੀ ਟੀਮ ਨੇ ਫਿਲਮ ਉੱਤੇ ਮਿਹਨਤ ਕੀਤੀ ਹੈ , ਹਰ ਪੱਖ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ।

ਚਰਨਜੀਤ ਅਹੂਜਾ ਪੰਜਾਬੀ ਸੰਗੀਤ ਜਗਤ ਦੇ ਸਭ ਤੋਂ ਪਿਆਰੇ ਜਾਣ ਵਾਲੇ ਸੰਗੀਤ ਨਿਰਦੇਸ਼ਕ ਰਹੇ ਹਨ ਅਮਰ ਸਿੰਘ ਚਮਕੀਲਾ ਦੀ ਸਫਲਤਾ ਪਿੱਛੇ ਵੀ ਉਹਨਾਂ ਦਾ ਵੱਡਾ ਯੋਗਦਾਨ ਰਿਹਾ ਹੈ ਪਰ ਉਹਨਾਂ ਨੂੰ ਮਾਤਰ ਸੰਕੇਤਕ ਰੂਪ ਵਿੱਚ ਹੀ ਦਿਖਾਉਣਾ ਅੱਖਰਦਾ ਹੈ। ਉਨਾਂ ਲਈ ਕੁਝ ਹੋਰ ਵੱਡੀ ਭੂਮਿਕਾ ਪੈਦਾ ਕੀਤੀ ਜਾ ਸਕਦੀ ਸੀ ।

ਮੈਨੂੰ ਵਿਦਾ ਕਰੋ ਸ਼ਿਵ ਬਟਾਲਵੀ ਦਾ ਪ੍ਰਸਿੱਧ ਗੀਤ ਹੈ , ਚਮਕੀਲੇ ਦੀ ਮੌਤ ਤੇ ਇਹ ਕੁਝ ਨਵੇਂ ਲਫਜ਼ਾਂ ਚ ਮਾਤਮੀ ਧੁਨ ਨਾਲ ਵਜਦਾ ਹੈ ਤਾਂ ਦਰਸ਼ਕਾਂ ਦੀ ਹਮਦਰਦੀ ਪੂਰੀ ਤਰ੍ਹਾਂ ਚਮਕੀਲੇ ਨਾਲ ਜੁੜ ਜਾਂਦੀ ਹੈ ।

ਇਸ ਗੀਤ ਦੀ ਥਾਂ ਤੇ ਕੋਈ ਹੋਰ ਗੀਤ ਵੀ ਲਿਆ ਜਾ ਸਕਦਾ ਸੀ । ਸ਼ਾਇਦ ਜਿਆਦਾ ਚੰਗਾ ਹੁੰਦਾ । ਸ਼ਿਵ ਦਾ ਅਕਸ ਚਮਕੀਲੇ ਤੋਂ ਭਿੰਨ ਹੈ ।ਫਿਲਮ ਦੇਖਣ ਉਪਰੰਤ ਮੇਰੇ ਜਿਹਨ ਵਿੱਚ ਸਆਦਤ ਹਸਨ ਮੰਟੋ ਤੋਂ ਨਾਲ ਸੰਬੰਧਿਤ ਕੁਝ ਘਟਨਾਵਾਂ ਯਾਦ ਆਈਆਂ ਤੇ ਕੁਝ ਸਮਾਂ ਉਹਨਾਂ ਤੇ ਆਈ ਫਿਲਮ ਮੰਟੋ ਵੀ ਯਾਦ ਆਈ । ਦਾਦਾ ਕੋਂਡਕੇ ਦੀਆਂ ਫਿਲਮਾਂ ਦੇ ਦੋਅਰਥੀ ਸਿਰਲੇਖ ਵੀ ਜਿਹਨ ਚ ਘੁੰਮ ਗਏ ।

ਉਸ ਦੀਆਂ ਫ਼ਿਲਮਾਂ ਦੋਹਰੇ ਸੰਵਾਦਾਂ ਕਰਕੇ ਬਦਨਾਮ ਸਨ । ਸਿਰਲੇਖ ਇਥੇ ਵੀ ਨਹੀਂ ਲਿਖੇ ਜ ਸਕਦੇ ।

ਭੋਜਪੁਰੀ ਗਾਣੇ ਤੇ ਫ਼ਿਲਮਾਂ ਬਾਰੇ ਵੀ ਸੋਚਿਆ ਕਿ ਕੀ ਉਹ ਪਰਿਵਾਰ ਚ ਦੇਖਣ ਸੁਣਨ ਵਾਲੇ ਹਨ ।

ਅਸ਼ਲੀਲਤਾ ਬੇਸ਼ੱਕ ਸਮਾਜ ਵਿੱਚ ਲੁਕੇ ਛਪੇ ਢੰਗ ਨਾਲ ਮੌਜੂਦ ਹੋਵੇ ਪਰ ਜਦੋਂ ਜਦੋਂ ਵੀ ਇਹ ਕਲਮ ਦੀ ਜਦ ਵਿੱਚ ਆਈ ਹੈ ਤਾਂ ਚਰਚਿਤ ਹੋ ਜਾਂਦੀ ਹੈ। ਵਿਵਾਦਾਂ ਚ ਆ ਜਾਂਦੀ ਹੈ ।ਦਾਦਾ ਕੋਂਡਕੇ ਦੀ ਉਸ ਸਮੇਂ ਵੀ ਬਹੁਤ ਮਲਾਲਤ ਹੋਈ ,ਅੱਜ ਤੱਕ ਹੁੰਦੀ ਹੈ ਤੇ ਮੰਟੋ ਨੂੰ ਵੀ ਹਮੇਸ਼ਾ ਯਾਦ ਕੀਤਾ ਜਾਂਦਾ ਹੈ ।ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਤੇ ਲਗਭਗ ਪੰਜ ਕੇਸ ਹੋਏ, ਦੋਸ਼ ਇਹ ਸੀ ਕਿ ਉਨਾਂ ਵਿੱਚ ਅਸ਼ਲੀਲਤਾ ਹੈ। ਮੰਟੋ ਦਾ ਤਰਕ ਸੀ ਕਿ ਅਸ਼ਲੀਲਤਾ ਸਾਹਮਣੇ ਵਾਲੇ ਦੇ ਦਿਮਾਗ ਵਿੱਚ ਹੁੰਦੀ ਹੈ ਕੋਈ ਉਹਨਾਂ ਚੀਜ਼ਾਂ ਨੂੰ ਕਿਸੇ ਹੋਰ ਲਹਿਜੇ ਨਾਲ ਦੇਖਦਾ ਹੈ ਤੇ ਕੋਈ ਹੋਰ ਉਹਨਾਂ ਹੀ ਚੀਜ਼ਾਂ ਨੂੰ ਕਿਸੇ ਹੋਰ ਨਜ਼ਰੀਏ ਨਾਲ। ਮੈਂ ਸਮਾਜ ਦਾ ਸੱਚ ਲਿਖਿਆ ਹੈ ਉਸ ਤਰ੍ਹਾਂ ਜਿਸ ਨਜਰੀਏ ਨਾਲ ਮੈਂ ਦੇਖਿਆ ਹੈ ।

ਉਹ ਉਸ ਤੋਂ ਅੱਗੇ ਇਹ ਵੀ ਕਹਿੰਦਾ ਹੈ ਜੇਕਰ ਪੈਸਿਆਂ ਬਦਲੇ ਇੱਜਤ ਦਾ ਸੌਦਾ ਕਰਨ ਲਈ ਕਿਸੇ ਨੂੰ ਤਵਾਇਫ ਕਿਹਾ ਜਾਂਦਾ ਹੈ ਤਾਂ ਸਾਰੇ ਉਹ ਲੋਕ ਇਸ ਤਵਾਇਫ਼ ਖਾਨੇ ਦੇ ਹਿੱਸੇ ਹਨ ਜੋ ਕਿਸੇ ਤਰ੍ਹਾਂ ਵੀ ਪੈਸਾ ਲੈ ਕੇ ਜਮੀਰ ਦਾ ਸੌਦਾ ਕਰਦੇ ਹਨ ।

ਮੰਟੋ ਨੇ ਅਸ਼ਲੀਲਤਾ ਦੇ ਦੋਸ਼ਾਂ ਦਾ ਸੰਘਰਸ਼ ਪੂਰੀ ਉਮਰ ਕੀਤਾ ਤੇ ਉਸ ਦੀਆਂ ਕਹਾਣੀਆਂ ਨੇ ਉਸ ਦੇ ਅੰਤ ਤੋਂ ਬਾਅਦ ਵੀ ।

ਅੱਜ.... ਮੰਟੋ ਨੂੰ ਮਹਾਨ ਕਹਾਣੀਕਾਰ ਕਿਹਾ ਜਾਂਦਾ ਹੈ।

ਮੈਨੂੰ ਇੱਕ ਵਾਰ ਬੜੀ ਹੈਰਾਨੀ ਹੋਈ । ਮੰਟੋ ਦੀਆਂ ਚੋਣਵੀਆਂ ਕਹਾਣੀਆਂ ਨਾਂ ਦੀ ਇੱਕ ਕਿਤਾਬ ਉੱਪਰ ਜੋ ਚਿੱਤਰ ਬਣਾਇਆ ਗਿਆ ਸੀ ਉਹ ਕਹਾਣੀਆਂ ਦੇ ਮਰਮ ਮੁਤਾਬਕ ਬਿਲਕੁਲ ਨਹੀਂ ਸੀ। ਉਹ ਸਸਤੀ ਕਲਾ ਦਾ ਇੱਕ ਉਦਾਹਰਨ ਸੀ ਜਿਸ ਤਰ੍ਹਾਂ ਦੀਆਂ ਫੋਟੋਆਂ ਦੋ ਅਰਥੀ ਸੰਵਾਦਾਂ ਵਾਲੀਆਂ ਕਹਾਣੀਆਂ ਦੀਆਂ ਕਿਤਾਬਾਂ ਤੇ ਲੱਗੀਆਂ ਹੁੰਦੀਆਂ ਹਨ।

ਕਿਸੇ ਨੇ ਮੰਟੋ ਦੀਆਂ ਕਹਾਣੀਆਂ ਨੂੰ ਗਰਮ ਕਹਾਣੀਆਂ ਦੇ ਤੌਰ ਤੇ ਪੇਸ਼ ਕਰ ਦਿੱਤਾ ਸੀ। ਉਸਨੂੰ ਲੱਗਿਆ ਹੋਣਾ ਹੈ ਕਿ ਲੋਕ ਇਸ ਤਰ੍ਹਾਂ ਦੀਆਂ ਕਿਤਾਬਾਂ ਜਿਆਦਾ ਖਰੀਦਦੇ ਹਨ।। ਖ਼ੈਰ ,ਮੰਟੋ ਦੀਆਂ ਕਹਾਣੀਆਂ ਵਿੱਚ ਮਕਸਦ ਸੀ ਜਦ ਕਿ ਚਮਕੀਲੇ ਦੀ ਗਾਇਕੀ ਵਿੱਚ ਭੌਤਿਕੀ ਖਾਹਿਸ਼ । ਫਿਲਮ ਮੰਟੋ ਤੇ ਵੀ ਬਣੀ ਹੈ ਪਰ ਉਹ ਇਸ ਪੱਧਰ ਤੇ ਚਰਚਿਤ ਨਹੀਂ ਹੋਈ ਜਿਸ ਪੱਧਰ ਤੇ ਚਮਕੀਲੇ ਤੇ ਬਨੀ ਫਿਲਮ ਦੀ ਚਰਚਾ ਹੋਈ ਹੈ।ਬਿਨਾਂ ਸ਼ੱਕ ਸਾਦਤ ਹਸਨ ਮੰਟੋ ਵੱਡਾ ਸਾਹਿਤਕਾਰ ਸੀ , ਪਰ ਚਮਕੀਲਾ ਅਵਾਮ ਚ ਜਿਆਦਾ ਪ੍ਰਸਿੱਧ ਸੀ।

ਆਓ ਇੱਕ ਹੋਰ ਹਵਾਲੇ ਨਾਲ ਅਮਰ ਸਿੰਘ ਚਮਕੀਲਾ ਦੇ ਤਤਕਾਲੀਨ ਹਾਲਾਤਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ। ਕੁਝ ਸਮਾਂ ਪਹਿਲਾਂ ਇੱਕ ਫਿਲਮ ਆਈ ਸੀ ਮਸਤ ਰਾਮ। ਇੱਕ ਲੇਖਕ ਹੈ ਜਿਸ ਕੋਲ ਲਿਖਣ ਦਾ ਹੁਨਰ ਹੈ ਪਰ ਉਸ ਦੇ ਸਾਹਿਤ ਨੂੰ ਉਹ ਮਕਬੂਲੀਅਤ ਨਹੀਂ ਮਿਲਦੀ, ਜੋ ਚਾਹੁੰਦਾ ਹੈ । ਉਹ ਆਪਣੀ ਸਿਰਜਣਾਤਮਕ ਸ਼ਕਤੀ ਦੀ ਇਸ ਬੇਕਦਰੀ ਤੋਂ ਨਿਰਾਸ਼ ਹੈ। ਫਿਰ ਉਹ ਨੈਤਿਕ ਕਦਰਾਂ ਕੀਮਤਾਂ ਨੂੰ ਵੀ ਤਲਾਂਜਲੀ ਦਿੰਦਿਆਂ ਇੱਕ ਵੱਖਰੇ ਰਾਹ ਤੇ ਤੁਰ ਪੈਂਦਾ ਹੈ । ਉਹ ਆਪਣਾ ਨਾਮ ਬਦਲ ਕੇ ਫ਼ਾਹਿਸ਼ ਕਹਾਣੀਆਂ ਲਿਖਦਾ ਹੈ ਜਿਸ ਵਿੱਚ ਵੀ ਉਸ ਦੀ ਕਲਾਤਮਕ ਪੁੱਠ ਹੁੰਦੀ ਹੈ । ਉਸ ਦੀਆਂ ਇਹ ਲਿਖਤਾਂ ਧੜਾਧੜ ਵਿਕਦੀਆਂ ਹਨ ਅਤੇ ਨਵਾਂ ਰੱਖਿਆ ਹੋਇਆ ਨਾਂ ਚੱਲ ਪੈਂਦਾ ਹੈ। ਪੈਸੇ ਆਉਣੇ ਆਰੰਭ ਹੋ ਜਾਂਦੇ ਹਨ । ਚਮਕੀਲੇ ਨੂੰ ਇਸ ਫਿਲਮ ਦੇ ਸੰਦਰਭ ਵਿੱਚ ਵੀ ਦੇਖਿਆ ਜਾ ਸਕਦਾ ਹੈ ਉਸ ਕੋਲ ਕਲਾ ਸੀ ਪਰ ਉਸਨੇ ਕਲਾ ਰਾਹੀਂ ਉਹ ਪਰੋਸਿਆ ਜੋ ਮਕਬੂਲ ਹੁੰਦਾ ਹੈ ਜਿਸ ਨਾਲ ਪੈਸੇ ਅਰਜਿਤ ਕੀਤੇ ਜਾ ਸਕਦੇ ਹਨ ,ਜੋ ਲੋਕ ਸੁਣਨਾ ਚਾਹੁੰਦੇ ਸਨ। ਇਮਤਿਆਜ਼ ਅਲੀ ਦੀ ਚਮਕੀਲਾ ਸਾਡੇ ਸਾਹਮਣੇ ਇਹ ਸਵਾਲ ਜਰੂਰ ਖੜਾ ਕਰਦੀ ਹੈ ਕਿ ਕਿਸੇ ਦੇ ਗੀਤ ਸਮਾਜਿਕ ਮਰਿਆਦਾ ਵਿੱਚ ਨਾ ਹੋਣ ਤਾਂ ਕੀ ਉਸ ਮਾਰ ਦੇਣਾ ਚਾਹੀਦਾ ਹੈ ?ਭਾਵੇਂ ਉਹ ਇਸ ਤੇ ਸਪਸ਼ਟ ਕੁਝ ਨਹੀਂ ਕਹਿੰਦੇ , ਪਰ ਇਹ ਸਵਾਲ ਦੇਖਣ ਵਾਲੇ ਦੇ ਜਿਹਨ ਵਿੱਚ ਉੱਠਦਾ ਹੈ। । ਕੁਝ ਹਵਾਲਿਆਂ ਵਿੱਚ ਇਹ ਵੀ ਦਿਖਾਇਆ ਜਾਂਦਾ ਹੈ ਕਿ ਸਮਕਾਲੀ ਗਾਇਕ ਉਸ ਤੋਂ ਈਰਖਾ ਕਰਦੇ ਸਨ ।

ਦਰਸ਼ਕ ਇਹ ਸਮਝਣ ਚ ਅਸਫਲ ਰਹਿੰਦਾ ਹੈ ਕਿ ਉਸ ਦੇ ਮਾਰੇ ਜਾਨ ਦੇ ਕਾਰਣ ਕੀ ਸਨ ।

ਚਮਕੀਲਾ ਤੇ ਫਿਲਮ ਬਣਨਾ ਬੇਸ਼ਕ ਵਪਾਰਕ ਵਰਤਾਰਾ ਹੋਵੇ ਪਰ ਇਹ ਜਰੂਰ ਹੋਇਆ ਹੈ ਕਿ ਚਮਕੀਲੇ ਦੇ ਚਮਕਦੇ ਪੱਖ ਤੋਂ ਬਗੈਰ ਉਸ ਦੇ ਜੀਵਨ ਵਿਚਲੀਆਂ ਚੁਨੌਤੀਆਂ ਤੋਂ ਵੀ ਲੋਕ ਜਾਣੂ ਹੋਏ ਹਨ । ਦੋਹਰਾ ਸਮਾਜਿਕ ਮਾਪਦੰਡ ਵੀ ਉਗੜ ਕੇ ਸਾਹਮਣੇ ਆਉਂਦਾ ਹੈ ਜਦੋਂ ਸਮਾਜ ਉਨਾਂ ਚੀਜ਼ਾਂ ਨੂੰ ਹੀ ਪਸੰਦ ਕਰਦਾ ਦਿਖਾਈ ਦਿੰਦਾ ਹੈ ,ਜਿਨਾਂ ਨੂੰ ਉਹ ਭੰਡਦਾ ਵੀ ਰਹਿੰਦਾ ਹੈ।

ਫਿਲਮ ਦੇ ਕਈ ਮਰਹਲਿਆਂ ਵਿੱਚ ਇਹ ਦ੍ਰਿਸ਼ ਸਾਹਮਣੇ ਆਉਂਦਾ ਹੈ ਜਦੋਂ ਚਮਕੀਲਾ ਦੁਗਾਣਾ ਗਾਇਕੀ ਦੀ ਬਜਾਏ ਧਾਰਮਿਕ ਗਾਣੇ ਗਾਉਣਾ ਚਾਹੁੰਦਾ ਹੈ ਪਰ ਲੋਕ ਉਸ ਤੋਂ ਉਹੀ ਦੋ ਅਰਥੀ ਗਾਣਾ ਸੁਣਨਾ ਚਾਹੁੰਦੇ ਹਨ । ਨਿਰਦੇਸ਼ਕ ਕਿਸੇ ਵੀ ਨਤੀਜੇ ਤੇ ਪਹੁੰਚਣ ਦੀ ਬਜਾਏ ਤਤਕਾਲੀਨ ਹਾਲਾਤਾਂ ਨੂੰ ਘਟਨਾਵਾਂ ਦਾ ਜ਼ਿੰਮੇਵਾਰ ਬਨਾਉਂਦਾ ਨਜਰ ਆਉਂਦਾ ਹੈ ।ਅਮਰ ਸਿੰਘ ਚਮਕੀਲਾ ਦੀ ਜ਼ਿੰਦਗੀ ਛੋਟੀ ਸੀ ਪਰ ਮੁਸ਼ਕਲਾਂ ਭਰੀ ਸੀ ,ਜਿਸ ਵਿੱਚ ਮਸ਼ਹੂਰੀਅਤ ਦੀ ਚਮਕ ਸੀ ਅਤੇ ਉਸਦਾ ਆਪਣਾ ਤੇ ਸਾਥੀਆਂ ਦਾ ਕਤਲ ਦਾ ਹਨੇਰਾ ਪੱਖ ਵੀ ਸ਼ਾਮਿਲ ਸੀ। ਇੱਕ ਅਜਿਹੀ ਕਹਾਣੀ ਜਿਸ ਤੇ ਫਿਲਮ ਬਣਾਈ ਜਾ ਸਕਦੀ ਸੀ । ਚਰਚਿਤ ਹੋਣੀ ਸੀ, ਵਪਾਰਕ ਤੌਰ ਤੇ ਵੀ ਸਫਲ ਹੋ ਸਕਦੀ ਸੀ। ਇਮਤਿਆਜ਼ ਅਲੀ ਦੇ ਕਲਾਤਮਕ ਹੁਨਰ ਦੀ ਤਾਰੀਫ ਕਰਨੀ ਪਵੇਗੀ ਕਿ ਉਹਨਾਂ ਨੇ ਵਿਵਾਦਿਤ ਸਮਿਆਂ ਦੇ ਵਿਵਾਦਿਤ ਵਿਅਕਤੀ ਤੇ ਫਿਲਮ ਬਣਾਈ ਅਤੇ ਕਿਸੇ ਨੂੰ ਵੀ ਦੋਸ਼ੀ ਗਰਦਾਨਣ ਦੀ ਲੋੜ ਮਹਿਸੂਸ ਨਹੀਂ ਹੁੰਦੀ । ਇਹ ਫੈਸਲਾ ਦੇਖਣ ਵਾਲਿਆਂ ਤੇ ਛੱਡਦੇ ਹਨ । ਪੂਰੀ ਫਿਲਮ ਵਿੱਚ ਉਹ ਉਪਲਬਧ ਜਾਣਕਾਰੀ ਤੇ ਨਿਰਭਰ ਦਿਖਾਈ ਦਿੰਦੇ ਹਨ ਉਹਨਾਂ ਨੇ ਇਸ ਫਿਲਮ ਵਿੱਚ ਉਹ ਛੂਟ ਵੀ ਨਹੀਂ ਲਈ ਜੋ ਅਕਸਰ ਜੀਵਨੀਆਂ ਅਧਾਰਿਤ ਫਿਲਮਾਂ ਵਿੱਚ ਨਿਰਦੇਸ਼ਕ ਲੈ ਜਾਂਦੇ ਹਨ। ਉਹਨਾਂ ਨੂੰ ਪਹਿਲਾਂ ਹੀ ਪਤਾ ਸੀ ਕਿ ਇਸ ਫਿਲਮ ਦਾ ਵਿਸ਼ਾ ਬਹੁਤ ਚਰਚਿਤ ਹੈ, ਉਹ ਫਿਲਮ ਨੂੰ ਸਨਸਨੀਖੇਜ ਬਣਾਉਣ ਤੋਂ ਬਚ ਜਾਂਦੇ ਹਨ। ਖ਼ੈਰ ,ਜੇਕਰ ਚਮਕੀਲਾ ਜਿੰਦਾ ਹੁੰਦਾ ਤਾਂ ਸ਼ਾਇਦ ਖਤਮ ਹੋਣ ਦੇ ਕੰਢੇ ਤੇ ਹੁੰਦਾ , ਪਰ ਉਸ ਦੀ ਕਹਾਣੀ ਨੇ ਉਸ ਨੂੰ ਮਿਥ ਬਣਾ ਦਿੱਤਾ ਹੈ ਤੇ ਇਸ ਫਿਲਮ ਨੇ ਉਸ ਨੂੰ ਹੋਰ ਵੱਡਾ ਕਰ ਦਿੱਤਾ ਹੈ ।

## ਸਿੱਧੂ ਦੀਆਂ ਸਿੱਧੀਆਂ

# ਸਿਮਰਨਜੀਤ ਸਿੰਘ ਮਾਨ ਆਂਡੇ-ਮੀਟ ਵੀ ਖਾਂਦੇ ਹਨ ?


ਸੁਖਨੈਬ ਸਿੰਘ ਸਿੱਧੂ

ਸਿਮਰਨਜੀਤ ਸਿੰਘ ਮਾਨ ਦਾ ਇੱਕ ਕਲਿੱਪ ਵਾਇਰਲ ਹੋ ਰਿਹਾ ਜਿਸ ਵਿੱਚ ਉਹ ਆਂਡੇ ਛੱਕਣ ਬਾਰੇ ਦੱਸਦੇ ਹਨ। ਚਰਚਾ ਛਿੜ ਪਈ ਹੈ , ਸਭ ਤੋਂ ਵੱਧ ਉਹ ਰੌਲਾ ਪਾਉਂਦੇ ਹਨ ਜਿੰਨ੍ਹਾਂ ਨੇ 'ਸਿੱਖ ਰਹਿਣ ਮਰਿਆਦਾ' ਨਹੀਂ ਪੜ੍ਹੀ । 'ਸਿੱਖ ਰਹਿਤ ਮਰਿਆਦਾ' ਵਿੱਚ ਸਾਫ਼ ਲਿਖਿਆ ਕਿ 'ਸਿੱਖ ਭੰਗ, ਅਫ਼ੀਮ , ਬੀੜੀ , ਤੰਬਾਕੂ ਅਤੇ ਸ਼ਰਾਬ ਨਸ਼ੇ ਨਾ ਵਰਤੇ' । ਪਰ ਨਿਹੰਗ ਸਿੰਘ ਭੰਗ ਅਤੇ ਅਫ਼ੀਮ ਛੱਕਦੇ ਹਨ ਅਤੇ ਸ਼ਰਾਬ ਨੂੰ 'ਪੰਜ ਰਤਨੀ' ਅਤੇ ਮੀਟ ਨੂੰ 'ਡਲਾ ਸਾਹਿਬ' ਕਹਿ ਕੇ ਛੱਕਦੇ ਹਨ ਕਿਉਂਕਿ ਨਿਹੰਗਾਂ ਸਿੰਘਾਂ ਦੀ ਰਹਿਤ ਮਰਿਆਦਾ ਵੀ ਵੱਖਰੀ ਹੈ।

ਰਹਿਣ ਮਰਿਆਦਾ 'ਚ ਕਿਤੇ ਨਹੀਂ ਲਿਖਿਆ ਕਿ ਸਿੱਖ ਨੇ ਮਾਸ / ਮੀਟ ਨਹੀਂ ਖਾਣਾ ਪਰ ਕੁਠਾ ਭਾਵ ਹਲਾਲ ਮਾਸ ਖਾਣ ਦੀ ਮਨਾਹੀ ਹੈ। ਫਿਰ ਸ: ਸਿਮਰਨਜੀਤ ਸਿੰਘ ਮਾਨ ਆਂਡੇ ਛੱਡੋਂ ਮੀਟ ਵੀ ਖਾਂਦੇ ਹਨ ਤਾਂ ਇਸ ਵਿੱਚ ਕੀ ਗਲਤ ਹੈ।

ਜੇ ਵਿਰੋਧ ਕਰਨਾ ਤਾਂ ਇਹ ਕਰੋ ਕਿ 1988 'ਚ ਤੁਸੀ ਤਿੰਨ ਫੁੱਟੀ ਕ੍ਰਿਪਾਨ ਲੈ ਕੇ ਪਾਰਲੀਮੈਂਟ 'ਚ ਲੈ ਜਾਣ ਅੜੇ ਸੀ , ਹੁਣ ਸਹੁੰ ਵੀ ਉਸੇ ਸੰਵਿਧਾਨ ਦੀ ਚੁੱਕੀ ਹੈ , ਹੁਣ ਕਿਰਪਾਨ ਲੈ ਕੇ ਜਾਂਦੇ ਹੋ ਜਾਂ ਨਹੀਂ ?



ਸਵਾਲ ਇਹ ਪੁੱਛੋ ਭਾਜਪਾ ਦਾ ਵਿਰੋਧ ਕਰਦੇ ਹੋ ਤੇ ਰਾਸ਼ਟਰਪਤੀ ਦੀ ਚੋਣ ਵੇਲੇ ਭਾਜਪਾ ਉਮੀਦਵਾਰ ਨੂੰ ਵੋਟ ਪਾਈ , ਦੋਹਰਾ ਮਾਪਦੰਡ ਕਿਉਂ ?

ਪਿਛਲੀ ਚੋਣ ਵੇਲੇ ਦੀਪ ਸਿੱਧੂ ਅਤੇ ਮੂਸੇਵਾਲੇ ਦੇ ਨਾਂਮ ਤੇ ਵੋਟਾਂ ਮੰਗੀਆਂ ਅਤੇ ਜਦੋਂ ਮੂਸੇਵਾਲਾ ਪਰਿਵਾਰ ਕਾਂਗਰਸ ਦੀ ਹਿਮਾਇਤ ਕਰਦਾ ਤਾਂ ਤੁਸੀ ਕਹਿੰਦੇ 'ਮੈਂ ਦੀਪ ਸਿੱਧੂ ਅਤੇ ਮੂਸੇਵਾਲਾ ਕਰਕੇ ਨਹੀਂ ਜਿੱਤਿਆ।' ਫੇਰ ਤੁਹਾਡੇ ਪੋਸਟਰਾਂ ਤੇ ਦੀਪ ਸਿੱਧੂ ਅਤੇ ਮੂਸੇਵਾਲੇ ਦੀ ਤਸਵੀਰ ਕਾਹਦੇ ਲਈ ।

ਤੁਸੀਂ ਕਿਹਾ ਸੀ ਦੀਪ ਸਿੱਧੂ ਦੀ ਮੌਤ ਦਾ ਮਾਮਲਾ ਅੰਤਰਰਾਸ਼ਟਰੀ ਅਦਾਲਤ ਜਾਂ ਯੂਐਨਓ 'ਚ ਚੁੱਕਾਂਗਾ ਉਹ ਹਾਲੇ ਤੱਕ ਕਿਉਂ ਨਹੀਂ ਚੁੱਕਿਆ ਇਹ ਸਵਾਲ ਦੀਪ ਸਿੱਧੂ ਦਾ ਭਰਾ ਮਨਦੀਪ ਸਿੰਘ ਸਿੱਧੂ ਕਰਦਾ ।'

ਇਹਨਾ ਸਵਾਲਾਂ ਦੇ ਜਵਾਬ ਲਵੋ ਜੇ ਆਲੋਚਕ ਹੋ, ਕਿਸੇ ਕੀ ਖਾਣਾ ਕੀ ਪੀਣਾ ਉਹ ਸਵਾਲ ਹੀ ਨਹੀਂ ਬਣਦਾ ।

# ਭਾਰਤ ਅਤੇ ਇਰਾਨ ਵਿਚਾਲੇ ਵਿਓਪਾਰਕ ਸਮੌਤਾ ਹੋਇਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਤੇ ਇਰਾਨ ਨੇ ਇਰਾਨ 'ਚ ਰਣਨੀਤਕ ਤੌਰ 'ਤੇ ਮਹੱਤਵਪੂਰਨ ਚਾਬਹਾਰ ਬੰਦਰਗਾਹ 'ਤੇ ਇੱਕ ਟਰਮੀਨਲ ਦੇ ਸੰਚਾਲਨ ਲਈ 10 ਸਾਲਾ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ। ਇਹ ਇੱਕ ਅਜਿਹਾ ਕਦਮ ਹੈ ਜੋ ਖੇਤਰੀ ਸੰਪਰਕ ਦੇ ਨਾਲ ਨਾਲ ਵਪਾਰ ਸਬੰਧਾਂ ਨੂੰ ਹੁਲਾਰਾ ਦੇਵੇਗਾ। ਇਹ ਪਹਿਲੀ ਵਾਰ ਹੈ ਜਦੋਂ ਭਾਰਤ ਕਿਸੇ ਵਿਦੇਸ਼ੀ ਬੰਦਰਗਾਹ ਦਾ ਪ੍ਰਬੰਧਨ ਆਪਣੇ ਹੱਥ 'ਚ ਲਵੇਗਾ। ਇਸ ਦਾ ਭਾਰਤ, ਇਰਾਨ ਤੇ ਅਫਗਾਨਿਸਤਾਨ ਵਿੱਚਾਲੇ ਵਪਾਰ 'ਤੇ ਵੀ ਕਈ ਗੁਣਾ ਪ੍ਰਭਾਵ ਪਵੇਗਾ ਕਿਉਂਕਿ ਇਸ ਨਾਲ ਗੁਆਂਢੀ ਮੁਲਕ ਪਾਕਿਸਤਾਨ ਨੂੰ ਦਰਕਿਨਾਰ ਕਰਕੇ ਮੱਧ ਏਸ਼ੀਆਂ 'ਚ ਸੰਭਾਵਨਾਵਾਂ ਤਲਾਸ਼ੀਆਂ ਜਾ ਸਕਣਗੀਆਂ। ਇੱਕ ਅਧਿਕਾਰਤ ਬਿਆਨ ਅਨੁਸਾਰ ਬੰਦਰਗਾਹ, ਜਹਾਜ਼ਰਾਨੀ ਤੇ ਜਲ ਮਾਰਗ ਮੰਤਰੀ ਸਰਬਨੰਦ ਸੋਨੋਵਾਲ ਦੀ ਹਾਜ਼ਰੀ 'ਚ ਇੰਡੀਆ ਪੋਰਟਸ ਗਲੋਬਲ ਲਿਮਿਟਡ (ਆਈਪੀਜੀਐੱਲ) ਤੇ ਇਰਾਨ ਦੇ ਪੋਰਟ ਐਂਡ ਮੈਰੀਟਾਈਮ ਆਰਗੇਨਾਈਜ਼ੇਸ਼ਨ (ਪੀਐੱਮ?) ਵੱਲੋਂ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ। ਬਿਆਨ 'ਚ ਕਿਹਾ ਗਿਆ ਹੈ ਕਿ ਇਹ 10 ਸਾਲ ਦਾ ਲੰਮੇ ਸਮੇਂ ਦਾ ਸਮਝੌਤਾ ਦੋਵਾਂ ਦੇਸ਼ਾਂ ਵਿੱਚਾਲੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰੇਗਾ ਅਤੇ ਖਿੱਤੇ 'ਚ ਵਪਾਰਕ ਭਾਈਚਾਰਿਆਂ ਦਾ ਭਰੋਸਾ ਵਧਾਏਗਾ। ਬਿਆਨ ਅਨੁਸਾਰ ਆਈਪੀਜੀਐੱਲ ਕਰੀਬ 12 ਕਰੋੜ ਡਾਲਰ ਦਾ ਨਿਵੇਸ਼ ਕਰੇਗਾ ਜਦਕਿ 25 ਕਰੋੜ ਡਾਲਰ ਦੀ ਰਾਸ਼ੀ ਕਰਜ਼ੇ ਵੱਜੋਂ ਲਗਾਈ ਜਾਵੇਗੀ।

# ਕੈਨੇਡਾ ਦਾ ਪਹਿਲਾ ਲਿਥੀਅਮ-ਆਇਨ ਬੈਟਰੀ ਸੈਪਰੇਟਰ ਪਲਾਂਟ ਓਨਟਾਰੀਓ ਵਿਖੇ ਲਗਾਇਆ ਜਾਵੇਗਾ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਓਨਟਾਰੀਓ ਵਿੱਚ ਕੈਨੇਡਾ ਦਾ ਪਹਿਲਾ ਲਿਥੀਅਮ-ਆਇਨ ਬੈਟਰੀ ਸੈਪਰੇਟਰ ਪਲਾਂਟ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਜਾਪਾਨੀ ਕੰਪਨੀ, ਓਸਅਹਿ ਖਅਸਇ, ਨਿਆਗਰਾ ਖੇਤਰ ਵਿੱਚ ਲਗਭਗ $1.16-ਬਿਲੀਅਨ ਡਾਲਰ ਦਾ ਨਿਵੇਸ਼ ਕਰਕੇ ਇਹ ਪਲਾਂਟ ਲਗਾ ਰਹੀ ਹੈ ਜੋ ਸੂਬੇ ਵਿੱਚ ਹੌਂਡਾ ਦੀ ਸਪਲਾਈ ਚੇਨ ਦੇ ਹਿੱਸੇ ਵੱਜੋਂ ਇੱਕ ਪ੍ਰਮੁੱਖ ਇਲੈਕਟ੍ਰਿਕ ਵਾਹਨ ਬੈਟਰੀ ਕੰਪੋਨੈਂਟ ਬਣਾਏਗੀ। ਵਰਨਣਯੋਗ ਹੈ ਕਿ ਹੌਂਡਾ ਨੇ ਹਾਲ ਹੀ ਵਿੱਚ ਐਲਾਨ ਕੀਤਾ ਹੈ ਕਿ ਉਹ ਆਪਣੇ ਐਲੀਸਟਨ ਅਸੈਂਬਲੀ ਪਲਾਂਟ ਦੇ ਕੋਲ ਇੱਕ ਇਲੈਕਟ੍ਰਿਕ ਵਾਹਨ ਬੈਟਰੀ ਪਲਾਂਟ ਬਣਾ ਰਹੀ ਹੈ, ਓਸਅਹਿ ਖਅਸਇ ਦਾ ਕਹਿਣਾ ਹੈ ਕਿ ਉਸਦਾ ਪਲਾਂਟ 2027 ਤੱਕ ਚਾਲੂ ਹੋਣ ਦੀ ਉਮੀਦ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਦੁਨੀਆ ਭਰ ਦੀਆਂ ਕੰਪਨੀਆਂ ਕੈਨੇਡਾ ਵਿੱਚ ਨਿਵੇਸ਼ ਕਰਨ ਕਰ ਰਹੀਆਂ ਹਨ। ਉਹਨਾਂ ਆਖਿਆ ਕਿ ਇੱਕ ਪਾਸੇ ਜਿੱਥੇ ਜੀ 7 ਦੇਸ਼ਾਂ ਵਿੱਚੋਂ ਕੈਨੇਡਾ ਵਿੱਚ ਸਭ ਤੋਂ ਵੱਧ ਨਿਵੇਸ਼ ਹੋ ਰਿਹਾ ਹੈ ਤਾਂ ਦੁਨੀਆਂ ਭਰ ਦੇ ਦੇਸ਼ਾਂ ਵਿੱਚੋਂ ਅਮਰੀਕਾ ਅਤੇ ਬ੍ਰਾਜ਼ੀਲ ਤੋਂ ਬਾਅਦ ਕੈਨੇਡਾ ਦਾ ਤੀਸਰਾ ਨੰਬਰ ਆਉਂਦਾ ਹੈ।

## ਕਨੇਡੀਅਨ ਸੱਥ

# ਕੀ ਰੀ-ਜੋਨਿੰਗ ਨਾਲ ਭੀੜ ਭੜੱਕਾ ਵੱਧ ਜਾਵੇਗਾ?


ਅਸ਼ੀਸ਼ ਨਰੂਲਾ
1 204 890 5040

ਲੰਘੇ ਦਿਨੀ ਸ਼ਹਿਰ ਕੈਲਗਰੀ ਦੀ ਹੁਣ ਤੱਕ ਦੀ ਸਭ ਤੋ ਲੰਬੀ ਪਬਲਿਕ ਹੀਅਰਿੰਗ ਜਿਸ ਵਿੱਚ ਸ਼ਹਿਰ ਦੀ ਰੀ-ਜੋਨਿੰਗ ਨੂੰ ਲੈ ਕੇ ਅਪ੍ਰੈਲ 2024 ਤੋਂ ਮੀਟਿੰਗਾਂ ਦਾ ਦੌਰ ਚੱਲ ਰਿਹਾ ਸੀ , ਸਿਟੀ ਕੌਸਲ ਨੇ ਇਸ ਬਿੱਲ ਨੂੰ 9-6 ਦੇ ਫਰਕ ਨਾਲ ਪਾਸ ਕਰ ਦਿੱਤਾ ਗਿਆ । ਇਸ ਮੀਟਿੰਗ ਵਿੱਚ ਕੁੱਲ 736 ਬੁਲਾਰਿਆ ਨੇ ਭਾਗ ਲਿਆ ਅਤੇ ਆਪਣੇ ਤਰਕ ਦਿੱਤੇ ਕਿ ਇਹ ਨਹੀਂ ਹੋਣਾ ਚਾਹੀਦਾ ਜਾਂ ਨਹੀਂ ਹੋਣਾ ਚਾਹੀਦਾ। 6 ਸਿਟੀ ਕੌਸਲਰ ਇਸ ਦੇ ਉਲਟ ਭੁਗਤੇ ਹਨ। ਰੀ-ਜੋਨਿੰਗ ਪ੍ਰਭਾਵਿਤ ਕੰਮਿਉਨਟੀ ਕੁੱਝ ਕੁ ਹੀ ਹਨ , ਆਪਣੇ ਆਲੇ ਦੁਆਲੇ ਨਿਗ੍ਹਾ ਮਾਰ ਕੇ ਦੇਖੋ ਕਿ ਕਿਸ ਹਲਕੇ ਵਿੱਚ ਛੋਟੇ ਘਰ ਨਹੀ ਹਨ ਅਤੇ ਕਿਸ ਹਲਕੇ ਵਿੱਚ ਹਨ। ਬੁਲਾਰਿਆਂ ਵੱਲੋਂ ਤਰਕ ਦਿੱਤਾ ਗਿਆ ਸੀ ਕਿ ਰੀ-ਜੋਨਿੰਗ ਨਾਲ ਭੀੜ ਭੜੱਕਾ ਵੱਧ ਜਾਵੇਗਾ ਅਤੇ ਜਿਹਨਾਂ ਨੇ ਜਿਆਦਾ ਪੈਸੇ ਖਰਚ ਕੇ ਘਰ ਖਰੀਦੇ ਹਨ ਉਹਨਾਂ ਘਰਾਂ ਦੀਆ ਕੀਮਤਾ ਘਟ ਜਾਣਗੀਆਂ,ਪਰ ਮੁੱਦਾ ਇਹ ਹੈ ਕਿ ਜਦ ਸਾਰੇ ਸ਼ਹਿਰ ਵਿੱਚ ਇੱਕੋ ਕਨੂੰਨ ਹੋਵੇਗਾ ਅਤੇ ਆਪਣੇ ਆਪ ਨੂੰ ਪ੍ਰਭਾਵਿਤ ਸਮਝਣ ਵਾਲੇ ਘਰ ਵੇਚਣਗੇ ਤਾਂ ਉਹ ਸ਼ਹਿਰ ਦੇ ਕਿਸ ਕੋਨੇ ਵਿੱਚ ਘਰ ਖ਼੍ਰੀਦਣਗੇ ? ਆਪਣੇ ਆਪ ਵਿੱਚ ਇੱਕ ਸਵਾਲ ਹੈ ? ਫਿਰ ਜੇਕਰ ਕੋਈ ਛੋਟਾ ਘਰ ਅਫੋਰਡ ਕਰ ਸਕਦਾ ਹੈ ਅਤੇ ਆਪਣੇ ਕੰਮ ਵਾਲੇ ਜਗ੍ਹਾ ਤੋ ਬਿਲਕੁਲ ਨੇੜੇ ਹੈ ਤਾਂ ਉਹ ਦੂਰ ਪਾਰ ਕਿਉ ਘਰ ਤੇ ਪੈਸਾ ਲਾਵੇਗਾ ਜਦ ਕਿ ਉਸ ਕੋਲ ਕੰਮ ਦੇ ਨੇੜੇ ਘਰ ਖਰੀਦਣ ਦੀ ਸੁਵਿਧਾ ਹੈ । ਜਿਹੜੀਆਂ ਕੰਮਿਉਨਿਟੀਆਂ ਵਿੱਚ ਨਵੇਂ ਘਰ ਬਣੇ ਹਨ ਜਾਂ ਹੋਰ ਬਣ ਰਹੇ ਹਨ, ਕੀ ਡਿਵੈਲਪਰ ਜਾ ਬਿਲਡਰ ਵੱਡੇ ਘਰ ਵੇਚਣ ਤੋ ਪਹਿਲਾ ਇਹ ਦੱਸਦਾ ਹੈ ਕਿ ਬਈ ਇੱਥੇ ਤੁਹਾਡੀ ਗਲੀ ਦੇ ਪਿਛਲੇ ਪਾਸੇ ਟਾਉਨ ਹਾਊਸ ਜਾਂ ਕੌਂਡੋ ਬਣਨੇ ਹਨ । ਤੁਸੀ ਆਪਣਾ ਵਿਚਾਰ ਕਰੋ ਕਿ ਘਰ ਲੈਣੇ ਹਨ ਕਿ ਨਹੀਂ ? ਮੇਰੀ ਜਾਚੇ ਜੇਕਰ ਇਹ ਪਹਿਲਾ ਪਾਰਦਰਸ਼ਤਾ ਨਾਲ ਕਰਨ ਤਾਂ ਸ਼ਾਇਦ ਘਰ ਵਿਕਣੇ ਹੀ ਘਟ ਜਾਣ ਜਾਂ ਕੀਮਤ ਵਿੱਚ ਫਰਕ ਪੈ ਜਾਵੇ। ਇਸ ਮੁੱਦੇ ਤੇ ਸ਼ਹਿਰ ਦੀ ਮੇਅਰ ਨਾਲ ਗੱਲ ਕਰਨ ਤੇ ਉਹਨਾਂ ਨੇ ਵੀ ਇਸ ਮੁੱਦੇ ਉਪਰ ਬੋਲਣ ਵਾਲਿਆ ਨੂੰ ਉਤਸ਼ਹਿਤ ਕੀਤਾ ਅਤੇ ਕਿਹਾ ਕਿ ਜੇਕਰ ਸਾਨੂੰ ਲੋਕਾਂ ਦੀਆਂ ਸਮੱਸਿਆਵਾਂ ਦਾ ਗਿਆਨ ਹੀ ਨਹੀ ਹੋਵੇਗਾ ਤਾਂ ਅਸੀ ਉਹਨਾਂ ਦਾ ਹੱਲ ਕਿਵੇ ਕਰਾਂਗੇ। ਮੇਅਰ ਅਨੁਸਾਰ ਇਸ ਤਰਾਂ ਕਰਨ ਨਾਲ ਲੋਕਾਂ ਕੋਲ ਵਿਕਲਪਾਂ ਦੀ ਘਾਟ ਨਹੀਂ ਹੋਵੇਗੀ ਅਤੇ ਸ਼ਹਿਰ ਦੀ ਵੱਧ ਰਹੀ ਜਨ ਸੰਖਿਆ ਜਿਸ ਨੂੰ ਘਰਾਂ ਦੀ ਲੋੜ ਹੈ ,ਉਸ ਨੂੰ ਪੂਰ ਕਰਨ ਵਿੱਚ ਕੁੱਝ ਰਾਹਤ ਮਿਲੇਗੀ,ਬਾਕੀ ਮੇਅਰ ਨੇ ਸਭ ਕੁੱਝ ਆਪਣੀ ਮਰਜ਼ੀ ਨਾਲ ਤਾਂ ਨਹੀਂ ਕੀਤਾ। ਸਬੰਧਿਤ ਵਾਰਡ ਕੌਂਸਲਰਾਂ ਦੀ ਰਾਇ ਨਾਲ ਹੀ ਹੈ ,ਆਖਰ ਕਾਰ ਜਿਹੜੇ ਜਿੱਤੇ ਹਨ ਉਹ ਵੀ ਤਾਂ ਲੋਕ ਨੁਮਾਇੰਦੇ ਹੀ ਹਨ ਅਤੇ ਲੋਕਤੰਤਰ ਦੇ ਅਧਿਕਾਰ ਨਾਲ ਜਿਤੇ ਹੋਏ ਹਨ ਅਤੇ ਚੋਣਾ ਨਾਲ ਹੀ ਬਿੱਲ ਪਾਸ ਹੋਇਆ ਹੈ । ਸਾਡੇ ਸੂਬੇ ਦੇ ਹੈਲਥ ਮਨਿਸਟਰ ਹੁਰਾਂ ਨੇ ਇੱਕ ਨਵਾਂ ਬਿਲ ਪੇਸ਼ ਕਰ ਅਲਬਰਟਾ ਹੈਲਥ ਸਿਸਟਮ ਨੂੰ ਚਾਰ ਭਾਗਾਂ ਵਿੱਚ ਵੰਡ ਦਿੱਤਾ ਹੈ ਜੋ ਕਿ 2008 ਵਿੱਚ ਇਸੇ ਪਾਰਟੀ ਦੀ ਸਰਕਾਰ ਵੱਲੋ ਇੱਕਠਾ ਕੀਤਾ ਗਿਆ ਸੀ ,ਅਤੇ ਅਲਬਰਟਾ ਹੈਲਥ ਸਿਸਟਮ ਨਾਮ ਦੀ ਸੰਸਥਾ ਬਣਾਈ ਗਈ ਸੀ।ਇਸ ਬਿੱਲ ਦੀ ਆਮਦ ਨਾਲ ਕੋਈ ਨੌਕਰ ਸ਼ਾਹੀ ਵਿੱਚ ਤਬਦੀਲੀ ਨਹੀ ਕੀਤੀ ਗਈ , ਸਿਰਫ ਭਾਗਾਂ ਦੀ ਵੰਡ ਕਰ ਕੇ ਸਿਹਤ ਸੇਵਾਵਾਂ ਨੂੰ ਬਿਹਤਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਸੂਬੇ ਦੇ ਸਿਹਤ ਮੰਤਰੀ ਹੋਰਾਂ ਦੀ ਦੇਖਰੇਖ ਵਿੱਚ ਹੀ ਸਭ ਕੁੱਝ ਹੋਵੇਗਾ ਅਤੇ ਵੰਡੇ ਗਏ ਵਿਭਾਗਾਂ ਉਪਰ ਤਿਰਛੀ ਨਜ਼ਰ ਬਣਾ ਕੇ ਰੱਖਣਗੇ । ਇਹ ਫੈਸਲਾ ਲੰਘੇ ਵੇਲੇ ਵਿੱਚ ਬਾਦਲ ਸਰਕਾਰ ਨੇ ਜਦੋਂ ਆਪਣੇ ਚਹੇਤਿਆਂ ਨੂੰ ਅਡਜਸਟ ਕਰਨ ਲਈ ਮੰਤਰੀਆਂ ਨਾਲ ਵਿਸ਼ੇਸ ਸੈਕਟਰੀ ਲਗਾਕੇ ਲਾਲ ਬੱਤੀ ਵਾਲੀਆਂ ਗੱਡੀਆਂ ਦਿੱਤੀਆ ਸਨ ,ਇਹ ਮਾਮਲਾ ਕੁੱਝ ਅਜਿਹਾ ਹੀ ਜਾਪਦਾ ਹੈ। ਬਾਕੀ ਆਉਣ ਵਾਲੇ ਸਮੇ ਵਿੱਚ ਇਸ ਗੱਲ ਦਾ ਖੁਲਾਸਾ ਹੋ ਜਾਵੇਗਾ ਕਿ ਇਸ ਤਰਾਂ ਇਕੋ ਵਿਭਾਗ ਨੂੰ ਵੰਡਣ ਨਾਲ ਸਿਹਤ ਸੇਵਾਵਾਂ ਵਿੱਚ ਕਿੰਨਾ ਕੁ ਸੁਧਾਰ ਆਵੇਗਾ,ਅਤੇ ਹਸਪਤਾਲਾਂ ਵਿੱਚ ਘੰਟਿਆਂ ਬੱਧੀ ਇੰਤਜ਼ਾਰ ਘਟੇਗਾ। ਸਪੈਸ਼ਲਿਸਟ ਡਾਕਟਰਾਂ ਦੀ ਅਤੇ ਸਰਜਰੀ ਦੀਆਂ ਤਾਰੀਖਾ ਮਿਲਣ ਵਿੱਚ ਮਰੀਜਾਂ ਦੀ ਖੱਜਲ ਖੁਆਰੀ ਘਟਦੀ ਹੈ ਜਾਂ ਫਿਰ ਲਾਲ ਬੱਤੀ ਵਾਲੀਆਂ ਕਾਰਾਂ ਵਰਗਾ ਮੱਦਾ ਹੀ ਹਨ ।

**" ਬਾਬੁਲ ਹੁੰਦੇ ਬੇ ਪਰਵਾਈਆਂ ਰੱਬ ਯਾਦ ਨਹੀਂ ਰਹਿੰਦਾ"**

ਉਪਰੋਕਤ ਸਤਰਾਂ ਆਪਣੇ ਆਪ ਵਿੱਚ ਹੀ ਇੱਕ ਕਥਾ ਹਨ , ਜਦੋਂ ਬਾਪ ਦਾ ਮੋਢੇ ਉਤੇ ਹੱਥ ਹੁੰਦਾ ਹੈ ਤਾਂ ਇਨਸਾਨ ਇੱਕ ਵੇਲੇ ਰੱਬ ਨਾਲ ਵੀ ਅੜ ਜਾਂਦਾ ਹੈ । ਕਿਉਕਿ ਉਸ ਨੂੰ ਪਤਾ ਹੈ ਕਿ ਕੋਈ ਇਨਸਾਨ ਹੈ,ਜਿਸ ਕਰਕੇ ਮੈਂ ਆਪਣੇ ਬੁਰੇ ਵਕਤ ਨਾਲ ਲੜ ਸਕਦਾ ਹਾਂ। ਬਾਪ ਇੱਕ ਚੰਗੇ ਮਾਰਗ ਦਰਸ਼ਕ ਵਾਂਗ ਸੰਸਾਰ ਰੂਪੀ ਮੰਝਧਾਰ ਵਿੱਚੋ ਕੱਢਣ ਵਿੱਚ ਸਹਾਇਕ ਹੁੰਦਾ ਹੈ , ਕਿਉਕਿ ਜਿੰਦਗੀ ਇੱਕ ਸੰਘਰਸ਼ ਹੈ।ਇਸ ਗੱਲ ਦਾ ਅਹਿਸਾਸ ਓਦੋਂ ਹੁੰਦਾ ਹੈ, ਜਦ ਉਹ ਸ਼ਖਸ਼ੀਅਤ ਤੁਹਾਡੇ ਪਾਸੋਂ ਖੁੱਸ ਜਾਂਦੀ ਹੈ । ਬਾਪ ਦੇ ਹੰਦਿਆ ਵੈਸੇ ਹੀ ਕੋਈ ਪਰਵਾਹ ਨਹੀਂ ਹੁੰਦੀ। ਪਰਵਾਸ ਕਰਨ ਵਾਲੇ ਭਾਈਚਾਰੇ ਨੇ ਇਸ ਦੁੱਖ ਨੂੰ ਜਰੂਰ ਦੇਰ ਸਵੇਰ ਹੰਢਾਇਆ ਹੋਵੇਗਾ । ਇੱਕ ਬਾਪ ਹੀ ਜਿੰਦਗੀ ਵਿੱਚ ਇੱਕ ਚੰਗਾ ਮਿੱਤਰ ਹੁੰਦਾ ਹੈ। ਇਸ ਗੱਲ ਦਾ ਇਲਮ ਸ਼ਾਇਦ ਬਾਪ ਬਣ ਕੇ ਹੀ ਪਤਾ ਲਗਦਾ ਹੈ। ਜੇਕਰ ਜਿੰਗਗੀ ਵਿੱਚ ਕੋਈ ਇਨਸਾਨ ਤੁਹਾਨੂੰ ਆਪਣੇ ਤੋਂ ਅੱਗੇ ਵਧਦੇ ਦੇਖ ਮਾਣ ਨਾਲ ਸੀਨਾ ਚੌੜਾ ਕਰ ਕੇ ਤੁਰਦਾ ਹੈ, ਉਹ ਬਾਪ ਹੁੰਦਾ ਹੈ । ਇਹ ਓਹ ਅਵਸਥਾ ਹੈ ਜੋ ਹਰ ਦਿਨ ਹਰ ਪਲ ਦਿਮਾਗ ਵਿੱਚ ਰਹਿੰਦੀ ਹੈ , ਕੰਧ ਤੇ ਲੱਗੀ ਬਾਪੂ ਦੀ ਤਸਵੀਰ ਤੇ ਹੱਸੂ ਹੱਸੂ ਕਰਦਾ ਚਿਹਰਾ ਜਦ ਵੀ ਤਸਵੀਰ ਤੇ ਨਿਗ੍ਹਾ ਜਾਂਦੀ ਹੈ,ਉਦੋ ਇਹੀ ਲਗਦਾ ਹੈ ਕਿ ਬਾਪੂ ਜੀ ਛੇਤੀ ਅਲਵਿਦਾ ਕਹਿ ਗਏ ,ਅਜੇ ਤਾਂ ਬਹੁਤ ਕੁੱਝ ਕਰਨ ਵਾਲਾ ਸੀ ,ਸਾਰੀ ਉਮਰ ਹੱਢ ਭੰਨਵੀ ਮਿਹਨਤ ਕੀਤੀ ਜਦੋਂ ਬੈਠ ਕੇ ਮਾਨਣ ਦਾ ਵੇਲਾ ਸੀ ਉਦੋਂ ਬੁਲਾਵਾ ਆ ਗਿਆ ।ਸ਼ਾਇਦ ਹਰੇਕ ਇਨਸਾਨ ਹੀ ਇਸੇ ਤ੍ਰਰਾਂ ਦੀ ਦੌੜ ਵਿੱਚ ਲੱਗਿਆ ਹੋਇਆ ਹੈ । ਮੈਨੰ ਯਾਦ ਹੈ ਜਦੋਂ ਮੇਰੇ ਪਿਤਾ ਜੀ ਸਾਨੂੰ ਭਰਾਵਾਂ ਨੂੰ ਬਿਠਾ ਕੇ ਆਪਣੀ ਜਿੰਦਗੀ ਦੇ ਕੌੜੇ ਮਿੱਠੇ ਤਜਰਬੇ ਸਾਂਝੇ ਕਰਦੇ ਸਨ ਕਿ ਕਿਵੇਂ ਉਹਨਾਂ ਨੇ ਇੱਕ ਸਾਧਾਰਨ ਪਰਿਵਾਰ ਵਿੱਚੋਂ ਨਿੱਕੇ ਜਿਹੇ ਪਿੰਡਾਂ ਤੋ ਉਠ ਕਨੇਡਾ ਵਰਗੇ ਮੁਲਕ ਵਿੱਚ ਜਿੰਦਗੀ ਮਾਨਣ ਦਾ ਸਨਮਾਨ ਪ੍ਰਾਪਤ ਹੋਇਆ ਸਿਰਫ ਅਤੇ ਸਿਰਫ ਮਿਹਨਤ ਅਤੇ ਸਿਰੜ ਨਾਲ ਹੀ ਹੋ ਸਕਦਾ ਹੈ। ਉਹਨਾਂ ਦੀਆਂ ਅਕਸਰ ਦੁਹਰਾਈਆਂ ਜਾਂਦੀਆਂ ਸਤਰਾਂ "ਪੁਤ ਜਿਹਨਾਂ ਦੇ ਰੰਗ ਰੰਗੀਲੇ ਮਾਪੇ ਲੈਂਦੇ ਤਾਰ ਚੀਣਾ ਇੰਝ ਛੜੀਦੈ ਯਾਰ" ਯਾਦ ਆਂਉਦੀਆਂ ਰਹਿਦੀਆਂ ਹਨ। ਉਹਨਾਂ ਨੂੰ ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਰਾਜ ਪੱਧਰੀ ਸਨਮਾਨ ਨਾਲ ਨਿਵਜਿਆ ਗਿਆ ਸੀ। ਬਾਪੂ ਜੀ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਪਰਿਵਾਰਕ ਜਿੰਮੇਵਾਰੀਆਂ ਨਿਭਾਂਉਦੇ ਹੋਏ ਇੱਕ ਸਨਮਾਨਜਨਕ ਅਹੁਦੇ ਤੋਂ ਰਿਟਾਇਰ ਹੋ ਕੇ ਵੀ ਘਰ ਵਿਹਲੇ ਬੈਠਣ ਕਦੇ ਉਹਨਾ ਦੀ ਆਦਤ ਹੀ ਨਹੀਂ ਸੀ , ਹਰ ਵੇਲੇ ਕੁਝ ਨਾ ਕੁਝ ਕਰਦੇ ਹੀ ਰਹਿਣਾ ਉਹਨਾਂ ਦਾ ਸੁਭਾਉ ਵਿੱਚ ਹੀ ਸੀ ।ਸੰਨ 2018 ਪਰਿਵਾਰ ਤੇ ਬਹੁਤ ਭਾਰੀ ਹੋ ਗੁਜਰਿਆ ਜਿਸ ਨੂੰ ਕਦੇ ਵੀ ਮਨ ਵਿੱਚੋ ਸ਼ਾਇਦ ਨਹੀ ਵਿਸਾਰਿਆ ਜਾ ਸਕਦਾ । ਘਰ ਦੇ ਵਿੱਚ ਦੁਖਦੇ ਸੁਖਦੇ ਤਾਂ ਹੋਰ ਵੀ ਤਕਲੀਫ ਹੁੰਦੀ ਹੈ ਜਦੋਂ ਸੋਚ ਆ ਜਾਂਦੀ ਹੈ ਕਿ ਅੱਜ ਜੇਕਰ ਬਾਪੂ ਜੀ ਸਾਡੇ ਵਿੱਚਕਾਰ ਹੁੰਦੇ ਤਾਂ ਕਿੰਨੇ ਖੁਸ਼ ਹੁੰਦੇ ਜਾਂ ਫਿਰ ਮਾਰਗ ਦਰਸ਼ਨ ਕਰਦੇ।ਸ਼ਇਦ ਹੀ ਕੋਈ ਦਿਨ ਲੰਘਿਆ ਹੋਵੇਗਾ ਜਦੋਂ ਘਰ ਵਿੱਚ ਉਹਨਾਂ ਨੂੰ ਕਿਸੇ ਨਾ ਕਿਸੇ ਗੱਲੋ, ਜਾਂ ਉਹਨਾਂ ਦੀ ਜਿੰਦਗੀ ਨੂੰ ਲੈ ਕੇ ਕੋਈ ਉਦਾਹਣ ਨਾ ਯਾਦ ਕਰੀ ਜਾਂਦੀ ਹੋਵੇ । ਬਾਪੂ ਜੀ ਨੂੰ ਗਿਆਂ ਇਹਨੀ ਦਿਨੀ ਛੇ ਵਰ੍ਹੇ ਹੋ ਗਏ ਪਰ ਉਹਨਾਂ ਦੀ ਯਾਦ ਹਰ ਦਿਨ ਹਰ ਪਲ ਦਿਮਾਗ ਵਿਚ ਰਹਿੰਦੀ ਹੈ ਅਤੇ ਸ਼ਾਇਦ ਰਹਿੰਦੇ ਸਾਹਾਂ ਤੱਕ ਰਹੇਗੀ।






# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**


- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600's Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Den


Great Room


Walk-in Spice Kitchen


Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES



SOUTH POINT
A MASTER PLANNED COMMUNITY

# 70 ACRE RESIDENTIAL COMMUNITY

## SELLING FAST


ROWHOMES


SINGLE FAMILY LANE HOMES

## ARRIVING SOON


MODERN SINGLE FAMILY HOMES

**NO CONDO OR HOA FEES!**

403.980.1979 | VESTASOUTHPOINT.COM

VESTA PROPERTIES
Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ, ਜਨਮ 1997, ਕੱਦ 5 ਫੁੱਟ 6 ਇੰਚ ,ਕਸਟਮਰ ਸਰਵਿਸ ਲੀਡ ਏਅਰਪੋਰਟ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਹੈ। ਸੰਪਰਕ - 1 672 966 0734, ਜਾਂ 1 778 859 5322 ***249***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 34 ਸਾਲ ਕੱਦ 5 ਫੁੱਟ 3 ਇੰਚ ਵਿਦਿਅਕ ਯੋਗਤਾ ਬੀ ਐੱਸ ਸੀ ਨਰਸਿੰਗ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 437 3016 ***249***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਤਲਾਕਸ਼ੁਦਾ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 36 ਸਾਲ ਕੱਦ 5 ਫੁੱਟ 8 ਇੰਚ,ਹੈਲਥ ਕੇਅਰ ਦੀ ਜੌਬ ਕਰਦੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ, ਵਿਜ਼ਟਰ ਵੀਜੇ ਵਾਲੇ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 403 390 2326 ***249***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ,ਜਨਮ 1991,ਕੱਦ 6 ਫੁੱਟ ,ਕੈਲਗਰੀ ਵਿਖੇ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਸਖਤ ਮਿਹਨਤੀ,ਚੰਗੀ ਪੜ੍ਹੀਲਿਖੀ,ਘਰੇਲੂ ਸੰਸਕਾਰਾਂ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਹਨ ,ਇੱਕ ਭੈਣ ਜੋ ਵਿਆਹੀ ਹੈ ਅਤੇ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਕਾਲ: **403 402 2596** WhatsApp +919914143839 or sandhukd58@gmail.com ***249***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ , M.sc. (Mathemaitcs) ,M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਵਾਂ, ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , +919056636305 ***249***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਦੇਸਾ ਪਰਿਵਾਰ ਦੇ ਉੱਚੇ ਲੰਮੇ ਸੋਹਣੇ ਸੁਨੱਖੇ ਗੱਭਰੂ,ਉਮਰ 30 ਸਾਲ,ਕੱਦ 6 ਫੁੱਟ 4 ਇੰਚ ,ਨਾਨ ਸਮੋਕਰ, ਨਾਨ ਡਰਿੰਕਰ, ਬ੍ਰਾਂਚ ਮੈਨੇਜਰ (ਟੀਮ ਡੀ ਬੈਂਕ) ਦੀ ਜੌਬ ਕਰਦੇ ਯੂਨੀਵਰਸਿਟੀ ਆਫ ਕੈਲਗਰੀ ਤੋਂ ਐਮ ਬੀ ਏ ਡਿਗਰੀ ਕਰ ਰਹੇ ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 351 1849 ***249***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or emial: garysb2020@gmial.com ***245***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਖੂਬਸੂਰਤ ਤਲਾਕਸੁਦਾ ਲੜਕੇ ਉਮਰ 37 ਸਾਲ,ਕੱਦ 5 ਫੁੱਟ 9 ਇੰਚ, ਵੈਨਕੋਵਰ ਵਿਖੇ ਆਪਣਾ ਕਾਰੋਬਾਰ ਕਰਦੇ ਲਈ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ,ਤਲਾਕਸੁਦਾ ਬਾਰੇ ਵੀ ਵੀਚਾਰ ਕੀਤੀ ਜਾ ਸਕਦੀ ਹੈ। ਫੋਨ ਜਾਂ ਵਟਸਐਪ ਸੰਪਰਕ: 1 204 295 0178 ***245***

### ਲੜਕੀ ਦੀ ਲੋੜ

ਕਨੇਡਾ ਵਰਕ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ, ਉਮਰ 39 ਸਾਲ,ਪੜਾਈ ਲਿਖਾਈ ਪਲੱਸ ਟੂ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਜਾਂ ਵਿਧਵਾ ਭਾਵੇਂ ਬੱਚੇ ਵਾਲੀ ਹੀ ਹੋਵੇ, ਉਹ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 667 1042 ***249***

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ,ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਕੈਲਗਰੀ ਯੂਨੀਵਰਿਸਟੀ ਤੋਂ ਸੀ ਪੀ ਏ,ਐਮ ਬੀ ਏ, ਨਾਨ ਵੈਜੀਟੇਰੀਅਨ, ਨਾਨ ਸਮੋਕਰ, ਨਾਨ ਡਰਿੰਕਰ, ਸਪੋਰਟਸ ਪਰਸਨ ਲਈ ਕਨੇਡੀਅਨ ਬੌਰਨ ਹਾਣ ਪ੍ਰਵਾਣ ਦੀ ਲੰਮੇ ਕੱਦ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਰਿਵਾਰ 37 ਸਾਲ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਲੜਕਾ ਇਸ ਵੇਲੇ ਕੈਲਗਰੀ ਵਿੱਚ ਹੀ ਚੰਗੀ ਤਨਖਾਹ ਵਾਲੀ ਜੌਬ ਕਰ ਰਿਹਾ ਹੈ। ਸੰਪਰਕ: 368 997 6735 ***247***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ,ਚੀਮਾ ਪਰਿਵਾਰ ਦੇ ਲੜਕੇ,ਉਮਰ 33 ਸਾਲ ਕੱਦ 5 ਫੁੱਟ 10 ਇੰਚ, ਕੰਪਿਊਟਰ ਸਾਫਟਵੇਅਰ ਅਤੇ ਏ ਸੀ ਮਕੈਨਿਕ ਡਿਪਲੋਮਾ ਹੋਲਡਰ , ਵੈਸ਼ਨੂੰ,ਨਾਨ ਡਰਿੰਕਰ ਲਈ ਕਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 896 1625 ***247***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ:+918544819749 ਜਾਂ 403 425 2525 ***245***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਸਿੱਖ ਪਰਿਵਾਰ ਦੇ ਸਾਰਟ ਟਾਈਮ ਡਿਵੋਰਸ,ਲੜਕੇ ਉਮਰ 35 ਸਾਲ, ਕੱਦ 5 ਫੁੱਟ 7 ਇੰਚ, ਲਈ ਪੜੀ ਲਿਖੀ ਵੈਸ਼ਨੂੰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 780 655 9504 ਜਾਂ 639 329 2599 ***247***

### ਲੜਕੀ ਦੀ ਲੋੜ

ਕਨੇਡਾ ਵਿੱਚ ਰਹਿੰਦੇ ਔਲਖ (ਛੀਂਬਾ) ਪਰਿਵਾਰ ਦੇ ਲੜਕੇ ਉਮਰ 26 ਸਾਲ,ਕੱਦ 5 ਫੁੱਟ 7 ਇੰਚ,ਬਿਜਨਿਸ ਅਕਾਊਂਟਿੰਗ ਟੈਕਨੋਲੋਜੀ ਦੀ ਪੜ੍ਹਾਈ ਕਨੇਡਾ ਤੋਂ ਕੀਤੀ ਹੋਈ ਹੈ ਅਤੇ ਹੁਣ ਆਪਣਾ ਬਿਜਨਿਸ ਪਾਰਟਨਰਸਿੱਪ ਨਾਲ ਕਰ ਰਿਹਾ ਹੈ। ਉਸ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਪਿਤਾ ਡਾਕਟਰ ਹੈ। ਸੰਪਰਕ: 403 402 6001 ਜਾਂ 98724 21430 ***247***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਦਸੰਬਰ 1993,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਹੈਲਥ ਐਂਡ ਹਿਊਮਨ ਸਰਵਿਸ ਅਤੇ ਹੁਣ ਡਾਇਰੈਕਟ ਸੁਪੋਰਟ ਸਪੈਸਲਿਸਟ ਦੀ ਜੌਬ ਕਰ ਰਹੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਸੋਹਣਾ ਸੁਨੱਖਾ ਅਤੇ ਕੱਦ 5 ਫੁੱਟ 10 ਇੰਚ ਤੋਂ ਘੱਟ ਨਾ ਹੋਵੇ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਵਟਸਐਪ ਉੱਪਰ ਫੋਟੋ ਅਤੇ ਬਾਇਓਡਾਟਾ ਭੇਜੋ। ਸੰਪਰਕ: 587 583 0250 ਜਾਂ 403 700 6649 ***247***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ : **Diploma** in applied Science Engineering **Job:** Signals and Communications Maintainer **( CPKC Railways)**
ਸੰਪਰਕ: 1780 600 6662 ਜਾਂ ਵਟਸਐਪ: 91 9592722719 ***247***

### ਜੀਵਨ ਸਾਥੀ ਦੀ ਲੋੜ

ਯੂ ਐਸ ਏ ਕੈਲੈਫੋਰਨੀਆਂ ਸਟੂਡੈਂਟ ਵੀਜਾ ਉੱਪਰ ਰਹਿੰਦੀ ਸੈਣੀ ਪਰਿਵਾਰ ਦੀ ਚੰਗੀ ਪੜੀ ਲਿਖੀ ਤਲਾਕਸੁਦਾ ਉਮਰ 47 ਸਾਲ, ਬੀ ਐਸ ਸੀ ,ਬੀ ਐੱਡ (ਮੈਡੀਕਲ) ਅਤੇ ਫਾਰਮੇਸੀ ਦੀ ਪੜ੍ਹਾਈ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਸੰਪਰਕ: 587 971 9302 ਜਾਂ ਈ ਮੇਲ: harkiratsaini29@gmail.com ***247***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀ ਲਿਖੀ,**(Innocently Divorced)** ਵਾਸਤੇ ਪੜ੍ਹੇ ਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***247***

### ਜੀਵਨ ਸਾਥੀ ਦੀ ਲੋੜ

ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ, ਉਮਰ 41 ਸਾਲ ,ਕੱਦ 5 ਫੁੱਟ 4 ਇੰਚ,ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪਰਵਾਣ ਦੀ ਉਮਰ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੀ ਲੋੜ ਹੈ। ਪਹਿਲੇ ਪਰਿਵਾਰ ਵਿੱਚੋਂ ਉਹ 18 ਸਾਲ ਦੀ ਬੇਟੀ ਦੀ ਮਾਂ ਹੈ । ਬੇਟੀ ਵੀ ਕਨੇਡਾ ਸਟੂਡੈਂਟ ਵੀਜੇ ਉੱਪਰ ਪੜ੍ਹਾਈ ਕਰ ਰਹੀ ਹੈ। ਸੰਪਰਕ: 403 605 5484 ਜਾਂ 403 604 0254 ***246***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸ਼ੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜ਼ਟਰ ਵੀਜੇ ਜਾਂ ਤਲਾਕਸ਼ੁਦਾ ਲੜਕੀ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੀ ਹੈ। ਸੰਪਰਕ : 403 970 7600 ***245***

### ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ,ਉਮਰ 35 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ **Xogqf MA,B.Ed and Cosmetology (Beautician )** ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ:1778 953 0024 ***245***

### ਲੜਕੀ ਦੀ ਲੋੜ

ਯੂ ਕੇ ਬੌਰਨ,ਕਨੇਡੀਅਨ ਪੀ ਆਰ, ਰਾਮਗੜ੍ਹੀਆ ਪਰਿਵਾਰ ਦੇ ਸਾਰਟ ਟਾਈਮ ਡਿਵੋਰਸੀ, ਉਮਰ 28 ਸਾਲ, ਕੱਦ 6 ਫੁੱਟ,ਵੈਜੇਟੇਰੀਅਨ, ਨਾਨ ਅਲਕੋਹਲ,ਨਾਨ ਸਮੋਕ,ਵਿੱਦਿਅਕ ਯੋਗਤਾ ਮਾਸਟਰ ਇਨ ਫਾਰਮੇਸੀ, ਹੁਣ ਬੀ ਸੀ ਵਿਖੇ ਫਾਰਮਾਸਿਸਟ ਦੀ ਜੌਬ ਕਰਦੇ ਲੜਕੇ ਲਈ ਕਨੇਡਾ ਸੈਟਲਡ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ। ਲੜਕੇ ਦੇ ਮਾਪਿਆਂ ਦਾ ਆਪਣਾ ਕਾਰੋਬਾਰ ਹੈ। ਲੜਕੇ ਦਾ ਵੱਡਾ ਭਰਾ ਮੈਰਿਡ ਅਤੇ ਯੂ ਕੇ ਹੀ ਸੈਟਲਡ ਹੈ। ਸੰਪਰਕ: 1 236 332 6769 ***245***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ ਵੈੱਲਸੈਟਲਡ, ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਇਲਾਕੇ ਨੂੰ ਪਹਿਲ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ : 587 574 0492 ਜਾਂ 587 433 7245 ***245***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਬਾਜਵਾ ਪਰਿਵਾਰ ਦੇ ਲੜਕੇ ਉਮਰ 31 ਸਾਲ,ਕੱਦ 5 ਫੁੱਟ 11 ਇੰਚ, **Qualification-** Electro technology engineering diploma level 6 from New Zealand, ਬਰਨਾਲਾ ਇਲਾਕੇ ਨਾਲ ਸਬੰਧਿਤ ਹੁਣ ਕੈਲਗਰੀ ਟਰੱਕ ਅਪਰੇਟਰ ਦੀ ਜੌਬ ਕਰਦੇ ਲਈ,ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 921 3475 ਜਾਂ 431 335 8706 ***245***

### ਲੜਕੇ ਦੀ ਲੋੜ

ਵਿਜਟਰ ਵੀਜੇ ਉੱਪਰ ਕਨੇਡਾ ਰਹਿੰਦੀ ਜੱਟ ਸਿੱਖ ਸੰਧੂ ਪਰਿਵਾਰ ਦੀ ਪੜੀ ਲਿਖੀ, ਖੂਬਸੂਰਤ ਲੜਕੀ ਜਨਮ 1990 ,ਕੱਦ 5 ਫੁੱਟ 7 ਇੰਚ ,ਵਿੱਦਿਅਕ ਯੋਗਤਾ: ਬੀ ਟੈੱਕ, ਐਮ ਟੈੱਕ , ਲਈ ਹਾਣ ਪ੍ਰਵਾਨ, ਪੜੇ ਲਿਖੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਵਿਨੀਪੈੱਗ, ਕਨੇਡਾ ਹੀ ਰਹਿ ਰਿਹਾ ਹੈ । ਸੰਪਰਕ: 1- 204 914 3200 ***244 ***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 825 513 2797 ***244 ***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਤਲਾਕ ਸ਼ੁਦਾ (ਸਾਰਟ ਟਰਮ ਦੋ ਮਹੀਨੇ) ਉਮਰ 35 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ:ਬੀ ਸੀ ਏ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਂਟਲ ਹੈ। ਮਾਲਵੇ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ :1 (780) 604-0209 ***244 ***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਵਿਜ਼ਟਰ ਵੀਜ਼ਾ ਉੱਪਰ ਕਨੇਡਾ ਆਏ ਲੜਕੇ ਉਮਰ 31 ਸਾਲ ਕੱਦ 5 ਫੁੱਟ 7 ਇੰਚ,ਬੀ ਏ, ਐਲ ਐਲ ਬੀ, ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਆਪਣੀ ਕਨੇਡੀਅਨ ਪੀ ਆਰ ਭੈਣ ਕੋਲ ਰਹਿ ਰਿਹਾ ਹੈ। ਸੰਪਰਕ:+1 (587) 429-0278 ***244 ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./WhatsApp +1 587-434-0817 ***000***

### ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.


- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094    Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615

ਵਰਕਰਾਂ ਦੀ ਲੋੜ

Green City is hiring lawn care worker with the following qualifications:
- Class 5 Driving license
- Good English communication skills
- Minimum age 24 required

ਕਾਲ: (403) 606-4160

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜਿਵੇ ਆਪ ਸਭ ਨੂੰ ਪਤਾ ਹੈ ਕਿ ਆਪਾਂ ਸਿੱਖ ਸੋਸਾਇਟੀ ਆਫ ਸਸਕੈਚਵਨ ਗੁਰਦਵਾਰਾ ਸਾਹਿਬ ਲਈ ਨਵੀ ਜਮੀਨ ਖਰੀਦੀ ਹੈ ਸੋ ਬੇਨਤੀ ਹੈ ਕਿ ਸਾਰੀਆਂ ਟ੍ਰਾਂਸਪੋਰਟ ਕੰਪਨੀਜ਼ ਅਤੇ ਬਿਜ਼ਨਸ ਮੈਨ ਅਤੇ ਜਿੰਨੇ ਵੀ ਇਹਨਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਵਰਕਰ ਵੀਰ ਹਨ ਨਵੇਂ ਗੁਰਦਵਾਰਾ ਸਾਹਿਬ ਦੇ ਬਿਲਡਿੰਗ ਫੰਡ ਵਿਚ ਹਿੱਸਾ ਜਰੂਰ ਪਾਉਣ ਤਾਕਿ ਆਰੰਭ ਕੀਤੇ ਕਾਰਜ ਸਫਲ ਹੋ ਸਕਣ ਜੇ ਇਕ ਵੀਰ ਅਤੇ ਭੈਣ ਅਗਰ ਘਟ ਤੋਂ ਘਟ 100 £ ਵੀ ਸੇਵਾ ਕਰੇ ਤਾਂ ਇਹ ਕਾਰਜ ਗੁਰੂ ਕਿਰਪਾ ਸਦਕਾ ਸਫਲ ਹੋ ਸਕਦੇ ਹਨ ! ਹਰ ਕੋਈ ਵੀਰ, ਭੈਣ ਇਹ ਪੋਸਟ ਨੂੰ ਵੱਧ ਤੋਂ ਵੱਧ share ਜਰੂਰ ਕਰੋ ਜੀ ਕਿਉਂਕਿ ਜੇ 4000 ਬੰਦਾ ਵੀ 100 £ ਸੇਵਾ ਕਰੇ ਤਾ ਸਾਡਾ ਜੋ ਗੁਰਦਵਾਰਾ ਸਾਹਿਬ ਦਾ ਟਾਰਗੇਟ ਹੈ down payment ਪੂਰੀ ਹੋ ਜਾਏਗੀ ਸੋ ਕਿਰਪਾ ਕਰਕੇ ਵੱਧ ਤੋਂ ਵੱਧ share kro ਜੀ ਬਿਲਡਿੰਗ ਫੰਡ ਲਈ ਇਸ ਈ-ਮੇਲ ਤੇ ਸੇਵਾ ਭੇਜ ਸਕਦੇ ਹੋ ਹੋਰ ਜਾਨ ਕਾਰੀ ਲੁਈ ਤੁਸੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਲ ਕੱਰ ਸੱਕਦੇ ਹੋ 3069797454 ਜਾ ਬਲਦੇਬ ਸਿੰਘ 3062416655 ਜਾਂ ਹਰਪ੍ਰੀਤ ਸਿੰਘ ਜੱਸਲ 306 261 7373.
sikhsocietysknewland@gmail.com


## ਖੁਦ ਜਾਂਚ ਵਿੱਚ ਫਸੇ ਪਾਕਿਸਤਾਨ ਦੇ ਮੰਤਰੀ ਇੰਡੀਆ ਦੀਆਂ ਸਿਫਤਾਂ ਦੇ ਪੁੱਲ ਬੰਨਣ ਲੱਗੇ

ਇਸਲਾਮਾਬਾਦ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਭਾਰਤ ਦੀ ਤਾਰੀਫ਼ ਕੀਤੀ ਹੈ।ਇੱਕ ਨਿਊਜ਼ ਏਜੰਸੀ ਮੁਤਾਬਕ ਨਕਵੀ ਨੇ ਕਿਹਾ ਕਿ ਅੱਜ ਭਾਰਤ ਉੱਥੋਂ ਦੇ ਕਾਰੋਬਾਰੀਆਂ ਦੀ ਬਦੌਲਤ ਹੀ ਵਿਕਾਸ ਕਰ ਰਿਹਾ ਹੈ। ਭਾਰਤ ਵਿੱਚ ਵਪਾਰੀ ਦੀ ਇੱਜ਼ਤ ਕੀਤੀ ਜਾਂਦੀ ਹੈ। ਜਦੋਂ ਕਿ ਪਾਕਿਸਤਾਨ ਵਿੱਚ ਜੇਕਰ ਕੋਈ ਵਪਾਰੀ ਅੱਗੇ ਵਧਦਾ ਹੈ ਤਾਂ ਉਸ ਨੂੰ ਚੋਰ ਕਿਹਾ ਜਾਂਦਾ ਹੈ। ਦਰਅਸਲ, ਮੋਹਸਿਨ ਨਕਵੀ ਹਾਲ ਹੀ ਵਿੱਚ ਸਾਹਮਣੇ ਆਈ ਦੁਬਈ ਲੀਕਸ ਰਿਪੋਰਟ ਬਾਰੇ ਗੱਲ ਕਰ ਰਹੇ ਸਨ। ਇਸ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਦੇ 17 ਹਜ਼ਾਰ ਨਾਗਰਿਕ ਦੁਬਈ 'ਚ 23 ਹਜ਼ਾਰ ਤੋਂ ਵੱਧ ਜਾਇਦਾਦਾਂ ਦੇ ਮਾਲਕ ਹਨ। ਇਨ੍ਹਾਂ ਦੀ ਕੁੱਲ ਕੀਮਤ 91 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਪਾਕਿਸਤਾਨੀ ਸਿਆਸਤਦਾਨਾਂ, ਮੰਤਰੀਆਂ ਅਤੇ ਫੌਜ ਦੇ ਅਧਿਕਾਰੀਆਂ ਦੇ ਨਾਲ-ਨਾਲ ਮੋਹਸਿਨ ਨਕਵੀ ਦੀ ਪਤਨੀ ਦਾ ਨਾਂ ਵੀ ਇਸ ਸੂਚੀ 'ਚ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਪਾਕਿਸਤਾਨੀ ਗ੍ਰਹਿ ਮੰਤਰੀ ਨੇ ਕਿਹਾ, "ਇੱਕ ਵਪਾਰੀ ਹੋਣ ਦੇ ਨਾਤੇ ਮੈਂ ਜਿੱਥੇ ਚਾਹਾਂ, ਆਪਣਾ ਪੈਸਾ ਨਿਵੇਸ਼ ਕਰਨਾ ਚਾਹਾਂਗਾ। ਦੁਬਈ ਤੋਂ ਇਲਾਵਾ ਮੇਰੀ ਪਤਨੀ ਦੀ ਲੰਡਨ ਵਿੱਚ ਵੀ ਜਾਇਦਾਦ ਹੈ। ਉਸ ਨੇ ਸਮੇਂ ਸਿਰ ਟੈਕਸ ਅਦਾ ਕੀਤਾ ਹੈ। ਇਸ ਵਿੱਚ ਕੁੱਝ ਵੀ ਗਲਤ ਜਾਂ ਗ਼ੈਰ ਕਾਨੂੰਨੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਘੀ ਜਾਂਚ ਏਜੰਸੀ (ਐਫਆਈਏ) ਨੂੰ ਉਨ੍ਹਾਂ ਲੋਕਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਿਨ੍ਹਾਂ ਦੀ ਜਾਇਦਾਦ ਗੈਰ-ਕਾਨੂੰਨੀ ਹੈ।

## ਅਲਬਰਟਾ ਸੂਬੇ ਅੰਦਰ ਲੱਗੀਆਂ ਜੰਗਲੀ ਅੱਗਾਂ ਉੱਪਰ ਕਾਬੂ ਪਾ ਲੈਣ ਦੇ ਦਾਅਵੇ ਸਾਹਮਣੇ ਆਏ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੇ ਫੋਰਟ ਮੈਕਮਰੀ ਦੇ ਆਸ ਪਾਸ ਲੱਗੀਆਂ ਜੰਗਲੀ ਅੱਗਾਂ ਵਿੱਚ ਬੀਤੇ ਦਿਨ ਹੋਈ ਬਾਰਿਸ਼ ਅਤੇ ਠੰਡੇ ਮੌਸਮ ਕਾਰਨ ਕਾਫੀ ਹੱਦ ਤੱਕ ਕਾਬੂ ਪਾਉਣ ਵਿੱਚ ਮੱਦਦ ਮਿਲੀ ਹੈ ਅਲਬਰਟਾ ਵਾਈਲਡ ਫਾਇਰ ਇਨਫੋਰਮੇਸ਼ਨ ਅਫਸਰ ਕ੍ਰਿਸਟੀ ਅਨੁਸਾਰ ਹੁਣ ਸਿਰਫ ਇੱਕ ਜਗਾ ਲੱਗੀ ਅੱਗ ਹੀ ਨਿਯੰਤਰਨ ਤੋਂ ਬਾਹਰ ਹੈ । ਜਦਕਿ ਜਿਆਦਾਤਰ ਅੱਗਾਂ ਉੱਪਰ ਕਾਬੂ ਪਾ ਲਿਆ ਗਿਆ ਹੈ ਅਤੇ ਜਿੰਨੇ ਖੇਤਰ ਵਿੱਚ ਇਹ ਅੱਗਾਂ ਫੈਲੀਆਂ ਸਨ ਉਸ ਤੋਂ ਅੱਗੇ ਇਹਨਾਂ ਨੂੰ ਨਹੀਂ ਵਧਣ ਦਿੱਤਾ ਗਿਆ। ਉਹਨਾਂ ਆਖਿਆ ਕਿ ਭਾਵੇਂ ਇਸ ਹਫਤੇ ਸੂਬੇ ਵਿੱਚ ਬਾਰਿਸ਼ ਅਤੇ ਠੰਡੇ ਤਾਪਮਾਨ ਕਾਰਨ ਕਾਫੀ ਰਾਹਤ ਮਿਲੀ ਪਰ ਬਦਕਿਸਮਤੀ ਨਾਲ ਸੂਬੇ ਦੇ ਉੱਤਰੀ ਹਿੱਸੇ ਵਿੱਚ ਮੌਸਮ ਖੁਸ਼ਕ ਰਹਿਣ ਕਾਰਨ ਸਥਿਤੀ ਗੰਭੀਰ ਬਣੀ ਰਹੇਗੀ । ਉਹਨਾ ਆਖਿਆ ਕਿ ਲੋਂਗ ਵੀਕਐਂਡ ਮੌਕੇ ਲੋਕਾਂ ਵੱਲੋਂ ਕੈਂਪਿੰਗ ਆਦਿ ਵਾਸਤੇ ਜਾਣ ਕਾਰਨ ਕੁਝ ਖੇਤਰਾਂ ਵਿੱਚ ਨਵੀਆਂ ਜੰਗਲੀ ਅੱਗਾਂ ਦਾ ਖਤਰਾ ਵੀ ਬਣਿਆ ਰਿਹਾ ਹੈ। ਭਾਵੇਂ ਕਿ ਬਾਰਿਸ਼ ਦੇ ਰੂਪ ਵਿੱਚ ਮਿਲੀ ਕੁਦਰਤੀ ਮੱਦਦ ਦੇ ਨਾਲ ਅੱਗਾਂ ਉਹ ਕਾਫੀ ਹੱਦ ਤੱਕ ਕਾਬੂ ਪਾਇਆ ਗਿਆ ਹੈ ਪਰ ਇਸ ਖੇਤਰ ਵਿੱਚੋਂ ਸੁਰੱਖਿਅਤ ਬਾਹਰ ਭੇਜੇ ਗਏ 66 ਦੇ ਕਰੀਬ ਲੋਕ ਅਜੇ ਵੀ ਆਪਣੇ ਘਰਾਂ ਤੋਂ ਬਾਹਰ ਹਨ।

## ਇੰਗਲੈਂਡ ਵੀ ਸਟੱਡੀ ਵੀਜਾ ਬੰਦ ਕਰਨ ਬਾਰੇ ਸੋਚ ਰਿਹਾ ਹੈ

ਲੰਡਨ (ਪੰਜਾਬੀ ਅਖ਼ਬਾਰ ਬਿਊਰੋ) ਬਰਤਾਨੀਆ ਦੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਵੱਲੋਂ ਪੋਸਟ ਸਟੱਡੀ ਵੀਜ਼ਾ 'ਤੇ ਰੋਕ ਲਾਉਣ ਬਾਰੇ ਵਿੱਚਾਰ ਕੀਤਾ ਜਾ ਰਿਹਾ ਹੈ। ਇਹ ਵੀਜ਼ਾ ਗ੍ਰੈਜੂਏਟ ਵਿਦਿਆਰਥੀਆਂ ਨੂੰ ਡਿਗਰੀ ਕੋਰਸ ਪੂਰਾ ਕਰਨ ਤੋਂ ਬਾਅਦ ਬਰਤਾਨੀਆ ਵਿਚ ਰੁਕਣ ਅਤੇ ਦੋ ਸਾਲਾਂ ਤੱਕ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਇਕ ਖ਼ਬਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸੂਨਕ ਵੱਲੋਂ ਇਹ ਕਦਮ ਬਰਤਾਨੀਆ ਵਿੱਚ ਵਧ ਰਹੇ ਕਾਨੂੰਨੀ ਪਰਵਾਸ ਦੇ ਅੰਕੜਿਆਂ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵੱਜੋਂ ਉਠਾਇਆ ਜਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਦੇ ਕੁੱਝ ਮੰਤਰੀਆਂ ਵੱਲੋਂ ਇਸ ਯੋਜਨਾ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।'ਦਿ ਆਬਜ਼ਰਵਰ' ਅਖ਼ਬਾਰ ਮੁਤਾਬਕ ਗ੍ਰੈਜੂਏਟ ਰੂਟ ਯੋਜਨਾ ਰੱਦ ਕਰਨ ਦੇ ਵਿੱਚਾਰ ਕਰ ਕੇ ਸੂਨਕ ਨੂੰ ਮੰਤਰੀ ਮੰਡਲ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਵਿਦਿਆਰਥੀਆਂ ਵੱਲੋਂ ਬਰਤਾਨਵੀ ਯੂਨੀਵਰਸਿਟੀਜਆਂ ਨੂੰ ਚੁਣੇ ਜਾਣ ਪਿੱਛੇ ਇਹ ਵੀਜ਼ਾ ਹੀ ਮੁੱਖ ਕਾਰਨ ਕ ਹੈ। ਜ਼ਿਕਰਯੋਗ ਹੈ ਕਿ 2021 ਵਿੱਚ ਗ੍ਰੈਜੂਏਟ ਰੂਟ ਵੀਜ਼ਾ ਸ਼ੁਰੂ ਹੋਣ ਤੋਂ ਹੁਣ ਤੱਕ ਇਹ ਪੋਸਟ ਸਟੱਡੀ ਵੀਜ਼ਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ ਗਿਣਤੀ ਭਾਰਤੀਆਂ ਦੀ ਹੈ।

## ਫੈਡਰਲ ਸਰਕਾਰ ਵੱਲੋਂ ਫਾਰਮਾਕੇਅਰ ਉੱਪਰ ਦੋ ਬਿਲੀਅਨ ਦੇ ਨੇੜੇ ਖਰਚੇ ਦਾ ਅਨੁਮਾਨ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪਾਰਲੀਮੈਂਟਰੀ ਬਜਟ ਅਫਸਰ ਵੱਲੋਂ ਆਖਿਆ ਗਿਆ ਹੈ ਕਿ ਫੈਡਰਲ ਸਰਕਾਰ ਦੇ ਫਾਰਮਾ ਕੇਅਰ ਪ੍ਰੋਗਰਾਮ ਉੱਪਰ ਪਹਿਲੇ ਪੰਜ ਸਾਲਾਂ ਦੌਰਾਨ 1.9 ਬਿਲੀਅਨ ਡਾਲਰ ਖਰਚ ਹੋਣਗੇ ਜੋ ਕਿ ਸਰਕਾਰ ਵੱਲੋਂ ਅਨੁਮਾਨਤ ਖਰਚੇ ਨਾਲੋਂ 400 ਮਿਲੀਅਨ ਡਾਲਰ ਜਿਆਦਾ ਹਨ। ਹਾਲਾਂਕਿ ਇਹ ਵੀ ਆਖਿਆ ਗਿਆ ਹੈ ਕਿ ਇਹਨਾਂ ਨੰਬਰਾਂ ਦੇ ਵਿੱਚ ਕੁਛ ਅੰਤਰ ਹੋ ਸਕਦਾ ਹੈ ਕਿਉਂਕਿ ਜਦੋਂ ਵੱਡੀ ਖਰੀਦਦਾਰੀ ਹੋਵੇਗੀ ਅਤੇ ਇਸ ਵਿੱਚ ਕਿੰਨੀ ਬਚਤ ਹੁੰਦੀ ਹੈ ਅਤੇ ਸੂਬੇ ਇਸ ਨਾਲ ਕਿਵੇਂ ਨਜਿਠਦੇ ਹਨ। ਉਹਦੇ ਅਧਾਰ ਤੇ ਹੀ ਅਸਲ ਖਰਚੇ ਦਾ ਪਤਾ ਲੱਗੇਗਾ । ਉਧਰ ਕੈਨੇਡੀਅਨ ਹੈਲਥ ਕੋਲੀਸ਼ਨ ਦੇ ਸਟੀਵਨ ਸਟੇਪਲ ਨੇ ਆਖਿਆ ਹੈ ਕਿ ਲੋਕਾਂ ਨੂੰ ਲੋੜੀਂਦੀਆਂ ਦਵਾਈਆਂ ਦੇਣ ਨਾਲ ਸਿਸਟਮ ਲਈ ਵੱਡੀ ਬਚਤ ਹੋਵੇਗੀ। ਉਹਨਾਂ ਆਖਿਆ ਕਿ ਜੇਕਰ ਅਸੀਂ ਕੈਨੇਡਾ ਦੇ ਲੋਕਾਂ ਦੀ ਸਿਹਤ ਦਰੁਸਤ ਕਰ ਸਕਦੇ ਹਾਂ ਤਾਂ ਇਸ ਨਾਲ ਸਾਰਾ ਸਿਸਟਮ ਹੀ ਸੁਧਰ ਸਕਦਾ ਹੈ।

## ਹਾਈ ਸਕੂਲ ਦੇ 14 ਸਾਲਾ ਬੱਚੇ ਉੱਪਰ ਤੇਜਧਾਰ ਹਥਿਆਰ ਨਾਲ ਹਮਲਾ ਹੋਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਇੱਕ ਹਾਈ ਸਕੂਲ ਦੇ ਬਾਹਰ ਇੱਕ 14 ਸਾਲਾ ਲੜਕੇ ਨੂੰ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਜਖਮੀ ਕਰ ਦਿੱਤੇ ਜਾਣ ਦੀ ਖ਼ਬਰ ਹੈ। ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦਿਨ 64 ਐਵੇਨਿਊ ਨੌਰਥ ਈਸਟ ਦੇ ਨੇੜੇ ਜੌਨ ਜੀ ਡੀਫੇਨ ਬੇਕਰ ਹਾਈ ਸਕੂਲ ਅਤੇ ਸੇਂਟ ਹੇਲੇਨਾ ਸਕੂਲ ਦੇ ਕੋਲ ਗਰਾਊਂਡ ਵਿੱਚ ਇਸ ਲੜਕੇ ਉੱਪਰ ਹਮਲਾ ਕੀਤਾ ਗਿਆ । ਐਮਰਜੰਸੀ ਮੈਡੀਕਲ ਸਰਵਿਸ ਨੇ ਦੱਸਿਆ ਹੈ ਕਿ ਜਖਮੀ ਲੜਕੇ ਨੂੰ ਅਲਬਰਟਾ ਚਿਲਡਰਨ ਹੋਸਪਿਟਲ ਵਿੱਚ ਦਾਖਲ ਕਰਵਾਇਆ ਗਿਆ। ਪੁਲਿਸ ਨੇ ਦੱਸਿਆ ਹੈ ਕਿ ਉਹਨਾਂ ਨੂੰ ਵਾਰਦਾਤ ਵਾਲੀ ਥਾਂ ਤੋਂ ਹਮਲੇ 'ਚ ਵਰਤਿਆ ਹਥਿਆਰ ਬਰਾਮਦ ਹੋ ਗਿਆ ਹੈ ਪਰ ਪੁਲਿਸ ਨੇ ਹਮਲਾਵਰ ਜਾਂ ਹਮਲਾਵਰਾਂ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕੀਤੀ ਸਗੋਂ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ ਕਿ ਜੇਕਰ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ।




# ਤੇਰੀ ਦੋ ਟਕਿਆਂ ਦੀ ਨੌਕਰੀ ਵਾਲਾ, ਵਰਮਾ ਮਲਿਕ

ਇਸ ਤੋਂ ਬਾਅਦ ਮਲਿਕ ਸਾਹਿਬ ਨੇ ਲਗਾਤਾਰ ਪੰਜਾਬੀ ਫਿਲਮਾਂ ਲਈ ਗੀਤ ਲਿਖੇ ਜਿਹਨਾਂ ਵਿੱਚ ਮੁੱਖ ਫਿਲਮਾਂ ਹਨ- **ਪੋਸਤੀ, ਜੁਗਨੀ, ਸ਼ਾਹ ਜੀ, ਭੰਗੜਾ, ਦੋ ਲੱਛੀਆਂ, ਯਮਲਾ ਜੱਟ, ਗੁੱਡੀ, ਜੱਟੀ, ਢੋਲ ਜਾਨੀਂ, ਖੇਡਣ ਦੇ ਦਿਨ ਚਾਰ, ਪਰਦੇਸੀ ਢੋਲਾ, ਪਿੰਡ ਦੀ ਕੁੜੀ, ਮੈਂ ਜੱਟੀ ਪੰਜਾਬ ਦੀ, ਮਾਮਾ ਜੀ, ਚੰਬੇ ਦੀ ਕਲੀ, ਦੁੱਲਾ ਭੱਟੀ** ਸਮੇਤ ਹੋਰ ਕਾਫੀ ਫਿਲਮਾਂ ਹਨ, ਜਿਹਨਾਂ ਲਈ ਵਰਮਾ ਮਲਿਕ ਨੇ ਗੀਤ ਲਿਖੇ, ਕੁੱਝ ਮੁੱਖੜੇ ਦੇਖੋ:

*ਦੜ ਵੱਟ ਜਮਾਨਾ ਕੱਟ, ਭਲੇ ਦਿਨ ਆਵਣਗੇ*
*ਕੋਈ ਕਿਸੇ ਦਾ ਸਾਥੀ ਨਹੀਂਓ*
*ਕੋਈ ਕਿਸੇ ਦਾ ਯਾਰ ਨਹੀਂ*
*ਇਸ ਕਲਯੁੱਗ ਦੀ ਦੁਨੀਆਂ ਦੇ ਵਿੱਚ*
*ਪਿਆਰ ਦਾ ਬਦਲਾ ਪਿਆਰ ਨਹੀਂ*
*ਹੁਣ ਦਿਨ ਰਹਿਗੇ ਦੋ ਚਾਰ*
*ਹਿੰਮਤ ਨਾ ਹਾਰ*
*ਉਹੀ ਦਿਨ ਆਵਣਗੇ* **ਗਾਇਕ**- ਮੁਹੰਮਦ ਰਫੀ

ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ
ਤੇ ਲੋਕੀਂ ਭੈੜੇ ਸ਼ੱਕ ਕਰਦੇ **ਗਾਇਕ**- ਮੁਹੰਮਦ ਰਫੀ

*ਰੱਬ ਨਾ ਕਰੇ ਜੇ ਚਲਾ ਜਾਵੇਂ ਤੂੰ ਵਿਛੜ ਕੇ*
*ਵੇ ਦੱਸ ਰੋਇਆ ਕਰੇਂਗਾ ਸਾਨੂੰ ਯਾਦ ਕਰਕੇ*
**ਗਾਇਕ ਜੋੜੀ**- ਮੁਹੰਮਦ ਰਫੀ ਤੇ ਸ਼ਮਸ਼ਾਦ ਬੇਗਮ

*ਬੀਨ ਨਾ ਵਜਾਈਂ ਮੁੰਡਿਆ*
*ਮੇਰੀ ਗੁੱਤ ਸੱਪਣੀ ਬਣ ਜਾਊਗੀ*
**ਗਾਇਕਾ**- ਸ਼ਮਸ਼ਾਦ ਬੇਗਮ

*ਜੱਟ ਕੁੜੀਆਂ ਤੋਂ ਡਰਦਾ ਮਾਰਾ*
*ਮੋਢੇ ਉਤੇ ਡਾਂਗ ਰੱਖਦਾ*
**ਗਾਇਕ ਜੋੜੀ**- ਮੁਹੰਮਦ ਰਫੀ ਤੇ ਸ਼ਮਸ਼ਾਦ ਬੇਗਮ

*ਹਾਏ ਨੀਂ ਮੇਰਾ ਬਾਲਮ ! ਹੈ ਬੜਾ ਜ਼ਾਲਮ*
*ਮੈਨੂੰ ਕਦੀ ਕਦੀ ਕਰਦਾ ਏ ਪਿਆਰ*
*ਕਦੀ ਮਾਰਦਾ ਏ ਛਮਕਾਂ ਦੀ ਮਾਰ*
**ਗਾਇਕਾ**- ਸ਼ਮਸ਼ਾਦ ਬੇਗਮ

*ਭਾਵੇਂ ਬੋਲ ਤੇ ਭਾਵੇਂ ਨਾ ਬੋਲ*
*ਵੇ ਚੰਨਾ ਵੱਸ ਅੱਖੀਆਂ ਦੇ ਕੋਲ*
**ਗਾਇਕਾ**- ਸ਼ਮਸ਼ਾਦ ਬੇਗਮ

*ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ*
*ਬੋਤਲਾਂ 'ਚ ਡੋਬੀ ਏ ਤੂੰ ਆਪਣੀ ਜਵਾਨੀ ਓਏ*
*ਲੱਖਾਂ ਦੀ ਇੱਜਤ ਤੇਰੀ ਐਂਵੇ ਚਲੀ ਜਾਣੀ ਓਏ*
*ਹੋਸ਼ ਕਰ ਜ਼ਿੰਦਗੀ ਨਹੀਂ ਵਾਰ ਵਾਰ ਆਣੀ ਓਏ*
*ਬੋਤਲਾਂ ਨੇ ਕੀਤੇ ਲੱਖਾਂ ਵਾਲੇ ਵੀ ਕੰਗਾਲ ਓਏ*
*ਪਗੜੀ ਸੰਭਲ ਜੱਟਾ..*
**ਗਾਇਕ**- ਮੁਹੰਮਦ ਰਫੀ

*ਮੁੱਲ ਵਿਕਦਾ ਸੱਜਣ ਮਿਲ ਜਾਵੇ*
*ਲੈ ਲਵਾਂ ਮੈਂ ਜਿੰਦ ਵੇਚ ਕੇ*

ਪਾਠਕਾਂ ਨੂੰ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਵਰਮਾ ਮਲਿਕ ਜੀ ਨੇ ਕੁੱਝ ਫਿਲਮਾਂ 'ਚ ਬਤੌਰ ਸੰਗੀਤ ਨਿਰਦੇਸ਼ਕ ਵੀ ਕੰਮ ਕੀਤਾ ਤੇ ਉਹਨਾਂ ਦੇ ਗੀਤ ਵੀ ਲਿਖੇ ਜਿਵੇਂ 1960 ਵਿੱਚ ਬਣੀ ਫਿਲਮ ਯਮਲਾ ਜੱਟ ਚੋਂ ਇਕ ਗੀਤ ਦਾ ਮੁੱਖੜਾ ਦੇਖੋ:


ਵਰਮਾ ਮਲਿਕ

ਲੰਮਾ ਲੰਮਾ ਬਾਜਰੇ ਦਾ ਸਿੱਟਾ
ਰੰਗ ਦਾ ਮਾਹੀ ਚਿੱਟਾ
ਦੇਖਾਂ ਮੈਂ ਲੁੱਕ-ਲੁੱਕ ਕੇ
ਕੰਧ ਉਹਲੇ ਅੱਡੀਆਂ ਨੂੰ ਚੁੱਕ ਚੁੱਕ ਕੇ
**ਗਾਇਕਾ**- ਸ਼ਮਸ਼ਾਦ ਬੇਗਮ

*ਮੇਰਾ ਹਾਲ ਦੇਖ ਕੇ ਹੱਸਦੇ*
*ਲੋਕ ਨਾ ਕੋਲ ਖਲੋਂਦੇ ਨੇ*
*ਵੇ ਹੁਣ ਮੈਂ ਨਹੀਂ ਰੋਂਦੀ*
*ਮੈਨੂੰ ਦੇਖ ਕੇ ਲੋਕ ਰੋਂਦੇ ਨੇ*
**ਗਾਇਕਾ**- ਸ਼ਮਸ਼ਾਦ ਬੇਗਮ

*ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਖਾ ਗਏ*
*ਦੂਰ-ਦੂਰ ਜਾਂਦੇ ਜਾਂਦੇ ਨੇੜੇ-ਨੇੜੇ ਆ ਗਏ*
**ਗਾਇਕ ਜੋੜੀ**- ਮੁਹੰਮਦ ਰਫੀ ਤੇ ਲਤਾ ਮੰਗੇਸ਼ਕਰ

*ਦਾਣਾ-ਪਾਣੀ ਖਿੱਚ ਕੇ ਲਿਆਉਂਦਾ*
*ਕੌਣ ਕਿਸੇ ਦਾ ਖਾਂਦਾ ਹੋ*
*ਕਾਹਨੂੰ ਕਰਨਾਂ ਏਂ ਝਗੜੇ ਝੇੜੇ*
*ਨਾ ਵੱਸ ਤੇਰੇ, ਨਾ ਵੱਸ ਮੇਰੇ*
*ਆਪਸ ਦੇ ਵਿੱਚ ਵੰਡ ਕੇ ਖਾ ਲਓ*
*ਨਾਲ ਨਾ ਕੋਈ ਲਿਜਾਂਦਾ ਹੋ*
*ਦਾਣਾ-ਪਾਣੀ ਖਿੱਚ ਕੇ ਲਿਆਉਂਦਾ*
**ਗਾਇਕ**- ਮੁਹੰਮਦ ਰਫੀ

ਨੀਂ ਟੁੱਟ ਜਾਏਂ ਰੇਲ ਗੱਡੀਏ
ਤੂੰ ਰੋਕ ਲਿਆ ਚੰਨ ਮੇਰਾ
ਮੈਂ ਕੀ ਸੀ ਵਿਗਾੜਿਆ ਤੇਰਾ
ਨੀ ਟੁੱਟ ਜਾਏਂ ਰੇਲ ਗੱਡੀਏ
**ਗਾਇਕਾ**- ਸ਼ਮਸ਼ਾਦ ਬੇਗਮ

*ਲੰਮੀਆਂ ਤੇ ਕਾਲੀਆਂ ਚੰਨ ਵੇ*
*ਰਾਤਾਂ ਜੁਦਾਈਆਂ ਵਾਲੀਆਂ*
**ਗਾਇਕਾ**- ਸੁਮਨ ਕਲਿਆਣਪੁਰ

*ਲਾਈਆਂ ਤੇ ਤੋੜ ਨਿਭਾਵੀਂ*
*ਛੱਡ ਕੇ ਨਾ ਜਾਵੀਂ*
*ਛੱਡ ਕੇ ਨਾ ਜਾਵੀਂ ਵੇ ਬੀਬਾ*
*ਛੱਡ ਕੇ ਨਾ ਜਾਵੀਂ*
**ਗਾਇਕ**- ਲਤਾ ਮੰਗੇਸ਼ਕਰ ਤੇ ਮਹਿੰਦਰ ਕਪੂਰ

*ਕੱਤਿਆ ਕਰੂੰ, ਤੇਰੀ ਰੂੰ*
*ਮੈਂ ਦਿਨੇ ਰਾਤ ਕੱਤਿਆ ਕਰੂੰ*
*ਬਾਬੁਲ ਮੈਨੂੰ ਚਰਖਾ ਦਿੱਤਾ*
*ਪੂਣੀਆਂ ਲਿਆਦੇ ਤੂੰ*
*ਮੈਂ ਦਿਨੇ ਰਾਤ ਕੱਤਿਆ ਕਰੂੰ*
**ਗਾਇਕਾ**- ਸ਼ਮਸ਼ਾਦ ਬੇਗਮ

*ਅੰਬੀਆਂ ਦੇ ਬੂਟਿਆਂ ਨੂੰ ਲੱਗ ਗਿਆ ਬੂਰ ਨੀਂ*
*ਰੁੱਤ ਏ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀਂ*
**ਗਾਇਕਾ**- ਸ਼ਮਸ਼ਾਦ ਬੇਗਮ

*ਦੁਪੱਟਾ ਪਤਲਾ ਗੰਢੇ ਦੀ ਛਿੱਲ ਵਰਗਾ*
**ਗਾਇਕਾ**- ਸ਼ਮਸ਼ਾਦ ਬੇਗਮ

*ਉਹ ਵੇਲਾ ਯਾਦ ਕਰ*
*ਜਦ ਗਲੀ 'ਚ ਝਾਤੀ ਮਾਰ ਕੇ*
*ਮੈਨੂੰ ਬਾਰੀ ਵਿੱਚ ਖਿਲਾਰ ਕੇ*
*ਰੋਜ਼ ਬੁਲਾਂਦਾ ਸੈਂ*
*ਉਹ ਵੇਲਾ ਯਾਦ ਕਰ..*
**ਗਾਇਕਾ**- ਸ਼ਮਸ਼ਾਦ ਬੇਗਮ

ਵਰਮਾ ਜੀ ਦੀ ਪੰਜਾਬੀ ਗੀਤਕਾਰ ਦਾ ਸਿਖਰ ਵੇਖੋ:
*ਕੱਚੀ ਕਲੀ ਸੀ ਨਾਜ਼ੁਕ ਦਿਲ ਮੇਰਾ*
*ਕੋਈ ਸੁੰਘ ਕੇ ਐਵੇਂ ਮਰੋੜ ਗਿਆ*
*ਜਿਉਂਦਾ ਰਵੇ ਉਹ ਜੀਅ ਸਦਕੇ*
*ਵੇ ਜਿਹੜਾ ਲਾ ਕੇ ਮੁਹੱਬਤਾਂ ਤੋੜ ਗਿਆ*
**ਗਾਇਕਾ**- ਸ਼ਮਸ਼ਾਦ ਬੇਗਮ

1965 ਵਿੱਚ ਪੰਜਾਬੀ ਫਿਲਮਾਂ ਦਾ ਬਜ਼ਾਰ ਬਿਲਕੁਲ ਮੰਦਾ ਪੈ ਗਿਆ। ਮਲਿਕ ਸਾਹਿਬ ਪਰੇਸ਼ਾਨ ਹੋ ਗਏ। ਪੰਜਾਬੀ ਫਿਲਮਾਂ ਦੇ ਨਾਲ ਜਿਹਨਾਂ ਹਿੰਦੀ ਫਿਲਮਾਂ ਲਈ ਉਹਨਾਂ ਨੇ ਗੀਤ ਲਿਖੇ ਉਹਨਾਂ ਦੀ ਬਹੁਤੀ ਗੱਲ ਨਾ ਬਣੀ। ਪੰਜਾਬੀ ਗੀਤਾਂ ਦੇ ਆਸਰੇ ਰੋਟੀ-ਫੁਲਕਾ ਤਾਂ ਚੱਲਿਆ ਪਰ ਆਰਥਕ ਪੱਖੋਂ ਜ਼ਿਆਦਾ ਗੱਲ ਨਾ ਬਣੀ। 1965 ਤੋਂ ਬਾਅਦ ਦਾ ਦੌਰ ਵਰਮਾ ਮਲਿਕ ਲਈ ਬੜਾ ਕਠਿਨ ਦੌਰ ਸੀ। ਬੇਰੁਜ਼ਗਾਰੀ ਦੀ ਮਾਰ ਝੱਲਣੀ ਪਈ। ਇਸ ਕਾਰਨ ਗੀਤ ਸੰਗੀਤ ਦਾ ਕੰਮ ਛੱਡ ਕੇ ਕੋਈ ਹੋਰ ਕੰਮ ਬਾਰੇ ਸੋਚਣ ਦੀ ਨੌਬਤ ਆ ਗਈ। ਮਲਿਕ ਸਾਹਿਬ ਇਸ ਕਠਿਨ ਸਮੇਂ ਵਿੱਚ ਬੰਬਈ ਛੱਡ ਕੇ ਦਿੱਲੀ ਪਰਤਣ ਬਾਰੇ ਵੀ ਸੋਚਦੇ ਰਹੇ ਪਰ ਉਹ ਕਿਸੇ ਨਤੀਜੇ ਤੇ ਨਾ ਪਹੁੰਚੇ। 1965 ਤੋਂ ਲੈ ਕੇ 1970 ਤੱਕ ਦਾ ਦੌਰ ਵਰਮਾਂ ਮਲਿਕ ਲਈ ਬੇਹੱਦ ਮੁਸ਼ਕਿਲ 'ਚ ਗੁਜ਼ਰਿਆ। ਪਰ ਬੰਬਈ ਵਿੱਚ ਪੰਦਰਾਂ-ਅਠਾਰਾਂ ਸਾਲ ਰਹਿਣ ਕਰਕੇ ਵੱਡੇ ਵੱਡੇ ਕਲਾਕਾਰਾਂ ਤੇ ਸੰਗੀਤਕਾਰਾਂ ਨਾਲ ਉਹਨਾਂ ਦੀ ਜਾਣ ਪਹਿਚਾਣ ਹੋ ਚੁੱਕੀ ਸੀ। ਇਸ ਕਾਰਨ ਮਲਿਕ ਸਾਹਿਬ ਬੰਬਈ ਦਾ ਮੋਹ ਤਿਆਗ ਨਾ ਸਕੇ। 1969 ਵਿੱਚ ਵਰਮਾ ਮਲਿਕ ਕੰਮ ਦੀ ਤਲਾਸ਼ 'ਚ ਸੰਗੀਤਕਾਰ ਕਲਿਆਣ ਜੀ, ਆਨੰਦ ਜੀ ਨੂੰ ਮਿਲਣ ਗਏ। ਕਲਿਆਣ ਜੀ ਦੇ ਘਰ ਪਹੁੰਚੇ ਤਾਂ ਉੱਥੇ 'ਮਨੋਜ ਕੁਮਾਰ' ਵੀ ਪਹੁੰਚਿਆ ਹੋਇਆ ਸੀ। ਪੰਜਾਬੀ ਹੋਣ ਕਰਕੇ ਮਨੋਜ ਕੁਮਾਰ, ਵਰਮਾਂ ਮਲਿਕ ਦੇ ਗੀਤਾਂ ਦਾ ਫੈਨ ਸੀ। ਮਨੋਜ ਕੁਮਾਰ ਨੇ ਵਰਮਾ ਮਲਿਕ ਨੂੰ ਪੁੱਛਿਆ ਕਿ ਨਵਾਂ ਕੀ ਲਿਖਿਆ ਹੈ। ਮਲਿਕ ਨੇ ਮਨੋਜ ਕੁਮਾਰ ਨੂੰ ਇਕ ਦੋ ਗੀਤਾਂ ਦੇ ਮੁੱਖੜੇ ਸੁਣਾਏ ਜਿਹਨਾਂ 'ਚੋਂ ਇਕ ਮੁੱਖੜਾ ਸੀ:

*ਇਹ ਤਾਰਾ ਬੋਲੇ ਤੁਨ ਤੁਨ ਤੁਨ*
*ਕਿਆ ਕਹੇ ਯੇ ਤੁਮਸੇ ਸੁਨ ਸੁਨ ਸੁਨ*

ਮਨੋਜ ਕੁਮਾਰ ਨੂੰ ਗੀਤ ਦਾ ਮੁੱਖੜਾ ਬੜਾ ਪਸੰਦ ਆਇਆ। ਉਹਨਾਂ ਦਿਨਾਂ ਵਿੱਚ ਮਨੋਜ ਕੁਮਾਰ **'ਉਪਕਾਰ'** ਫਿਲਮ ਬਣਾ ਰਿਹਾ ਸੀ। ਉਸ ਫਿਲਮ ਵਿੱਚ ਕਿਤੇ ਵੀ ਇਹ ਗੀਤ ਫਿੱਟ ਨਹੀਂ ਹੋਇਆ। 1970 ਵਿੱਚ ਮਨੋਜ ਕੁਮਾਰ ਨੇ ਆਪਣੀ ਅਗਲੀ ਫਿਲਮ 'ਯਾਦਗਾਰ' ਵਿੱਚ ਇਸ ਗੀਤ ਨੂੰ ਰਿਕਾਰਡ ਕੀਤਾ। ਇਹ ਗੀਤ ਐਨਾ ਮਕਬੂਲ ਹੋਇਆ ਕਿ ਵਰਮਾ ਮਲਿਕ ਦਾ ਨਾਮ ਪੂਰੇ ਹਿੰਦੀ ਸਿਨੇਮਾ ਤੇ ਛਾ ਗਿਆ। ਪੰਜਾਬੀ ਰੰਗ ਵਿੱਚ ਰੰਗੇ ਇਸ ਗੀਤ ਨੇ ਸਫਲਤਾ ਦੇ ਐਸੇ ਝੰਡੇ ਗੱਡੇ ਕਿ ਵਰਮਾ ਮਲਿਕ ਲਈ ਕੰਮ ਦੇ ਦਰਵਾਜ਼ੇ ਖੁੱਲ੍ਹ ਗਏ। ਇਸ ਤੋਂ ਬਾਅਦ ਵੱਡੇ ਵੱਡੇ ਨਿਰਮਾਤਾਵਾਂ ਤੇ ਵੱਡੇ ਵੱਡੇ ਸੰਗੀਤਕਾਰਾਂ, ਕਲਾਕਾਰਾਂ ਦੀਆਂ ਫਿਲਮਾਂ ਵਿੱਚ ਵਰਮਾਂ ਮਲਿਕ ਦੇ ਅਨੇਕਾਂ ਗੀਤ ਰਿਕਾਰਡ ਹੋਏ ਤੇ ਹਿੱਟ ਹੋਏ। ਵਿਆਹਾਂ ਸ਼ਾਦੀਆਂ ਵਿੱਚ ਘੋੜੀ ਅੱਗੇ ਵੱਜਣ ਵਾਲਾ ਨਿਮਨ ਗੀਤ ਵਰਮਾਂ ਮਲਿਕ ਦਾ ਹੀ ਲਿਖਿਆ ਹੋਇਆ ਹੈ:

*ਆਜ ਮੇਰੇ ਯਾਰ ਕੀ ਸ਼ਾਦੀ ਹੈ*
*ਯਾਰ ਕੀ ਸ਼ਾਦੀ ਹੈ*
*ਦਿਲਦਾਰ ਕੀ ਸ਼ਾਦੀ ਹੈ..*

ਇਸ ਤੋਂ ਅੱਗੇ ਲੜਕੀ ਦੀ ਡੋਲੀ ਤੁਰਨ ਵੇਲੇ ਵਰਮਾਂ ਜੀ ਦਾ ਨਿਮਨ ਗੀਤ:

*ਚੱਲੋ ਰੇ ਡੋਲੀ ਉਠਾਓ ਕਹਾਰ*
*ਪੀਆ ਮਿਲਣ ਕੀ ਰੁਤ ਆਈ*

ਮੈਨੂੰ ਫਿਲਮਾਂ ਵਿੱਚ ਕੋਈ ਬਹੁਤੀ ਦਿਲਚਸਪੀ ਨਹੀਂ। ਨਾ ਹੀ ਮੈਂ ਫਿਲਮਾਂ ਬਾਰੇ ਜ਼ਿਆਦਾ ਜਾਣਕਾਰੀ ਰੱਖਦਾ ਹਾਂ। ਮੈਂ ਤਾਂ ਪੰਜਾਬੀ ਗੀਤਾਂ ਦਾ ਸ਼ੁਕੀਨ ਹਾਂ, ਪਰ ਕੁੱਝ ਐਸੇ ਹਿੰਦੀ ਗੀਤ ਜੋ ਆਪ ਮੁਹਾਰੇ ਹੀ ਮੇਰੇ ਕੰਨਾਂ ਵਿੱਚ ਪਏ ਤੇ ਵਰਮਾਂ ਮਲਿਕ ਜੀ ਦੇ ਲਿਖੇ ਹੋਏ ਹਨ, ਉਹਨਾਂ ਦੇ ਮੁੱਖੜੇ ਦੇਖੋ:

*ਹਾਏ ਹਾਏ ਯੇ ਮਜ਼ਬੂਰੀ*
*ਯੇਹ ਮੌਸਮ ਔਰ ਯੇ ਦੂਰੀ*
*ਮੁਝੇ ਪਲ ਪਲ ਹੈ ਤੜਪਾਏ*
*ਤੇਰੀ ਦੋ ਟਕਿਆਂ ਦੀ ਨੌਕਰੀ*
*ਵੇ ਮੇਰਾ ਲਾਖੋਂ ਕਾ ਸਾਵਨ ਜਾਏ*
੨ **ਗਾਇਕਾ**- ਲਤਾ ਮੰਗੇਸ਼ਕਰ

**ਫਿਲਮ**- ਰੋਟੀ, ਕੱਪੜਾ ਔਰ ਮਕਾਨ
*ਕਾਨ ਮੇਂ ਝੁਮਕਾ, ਚਾਲ ਮੇਂ ਠੁਮਕਾ*
*ਕਮਰ ਪੇ ਚੋਟੀ ਲਟਕੇ*
*ਹੋ ਗਿਆ ਦਿਲ ਕਾ ਪੁਰਜਾ-ਪੁਰਜਾ*
*ਲਗੇ ਪਚਾਸੀ ਝਟਕੇ*
*ਹੋ ਤੇਰਾ ਰੰਗ ਹੈ ਨਸ਼ੀਲਾ, ਅੰਗ-ਅੰਗ ਹੈ ਨਸ਼ੀਲਾ*
**ਗਾਇਕ**- ਮੁਹੰਮਦ ਰਫੀ
**ਫਿਲਮ**- ਸਾਵਨ ਭਾਦੋਂ

*ਨਾ ਇੱਜ਼ਤ ਕੀ ਚਿੰਤਾ*
*ਨਾ ਫ਼ਿਕਰ ਕੋਈ ਅਪਮਾਨ ਕੀ*
*ਜੈ ਬੋਲੋ ਬੇਈਮਾਨ ਕੀ*
**ਫਿਲਮ**- ਬੇਈਮਾਨ

*ਤੇਰੇ ਇਸ਼ਕ ਕਾ ਮੁਝ ਪੇ ਹੂਆ ਯੇਹ ਅਸਰ ਹੈ*
*ਨਾ ਅਪਣੀ ਖ਼ਬਰ ਹੈ ਨਾ ਦਿਲ ਕੀ ਖ਼ਬਰ ਹੈ*
**ਗਾਇਕ ਜੋੜੀ**- ਮੁਹੰਮਦ ਰਫੀ ਤੇ ਆਸ਼ਾ ਭੋਂਸਲੇ ਫਿਲਮ- ਨਾਗਿਨ

*ਤੇਰੇ ਸੰਗ ਪਿਆਰ ਮੈਂ ਨਹੀਂ ਤੋੜਨਾ*
*ਚਾਹੇ ਤੇਰੇ ਪੀਛੇ ਪੜੇ ਜੱਗ ਛੋੜਨਾ*
**ਗਾਇਕ ਜੋੜੀ**- ਮਹਿੰਦਰ ਕਪੂਰ ਤੇ ਲਤਾ ਮੰਗੇਸ਼ਕਰ

*ਤੇਰੇ ਹਾਥੋਂ ਮੇਂ ਪਹਿਨਾ ਕੇ ਚੂੜੀਆਂ*
*ਕਿ ਮੌਜ ਬਨਜ਼ਾਰਾ ਲੈ ਗਿਆ*
**ਗਾਇਕ**-ਮੁਹੰਮਦ ਰਫੀ

*ਮੇਰੇ ਪਿਆਰ ਕੀ ਉਮਰ ਹੈ ਇਤਨੀ ਸਨਮ*
*ਤੇਰੇ ਨਾਮ ਸੇ ਸ਼ੁਰੂ ਤੇਰੇ ਨਾਮ ਪੇ ਖ਼ਤਮ*
**ਗਾਇਕ ਜੋੜੀ- ਲਤਾ ਮੰਗੇਸ਼ਕਰ ਤੇ ਮਨਮੋਹਨ ਸਿੰਘ**
**ਫਿਲਮ- ਵਾਰਿਸ।**

ਉੱਪਰ ਦਿੱਤੇ ਹਿੰਦੀ ਗੀਤਾਂ ਨੂੰ ਮੈਂ ਹਿੰਦੀ ਗੀਤ ਨਹੀਂ ਮੰਨਦਾ ਕਿਉਂਕਿ ਇਨ੍ਹਾਂ ਉੱਪਰ ਵਰਮਾਂ ਮਲਿਕ ਸਾਹਿਬ ਨੇ ਪੰਜਾਬੀ ਦੀ ਇੰਨੀ ਜ਼ਿਆਦਾ ਪੁੱਠ ਚੜ੍ਹਾਈ ਐ ਕਿ ਇਨ੍ਹਾਂ ਨੂੰ ਆਸਾਨੀ ਨਾਲ ਪੰਜਾਬੀ ਗੀਤ ਬਣਾਇਆ ਜਾ ਸਕਦਾ ਹੈ। ਦਰਅਸਲ ਇੰਨਾ ਸਮਾਂ ਬੰਬਈ ਜਾਦੂਨਗਰੀ 'ਚ ਰਹਿ ਕੇ ਵੀ ਵਰਮਾਂ ਮਲਿਕ ਸਾਹਿਬ ਪੰਜਾਬੀ ਪ੍ਰਤੀ ਆਪਣਾ ਮੋਹ ਤਿਆਗ ਨਾ ਸਕੇ। ਭਾਵੇਂ ਕਿ ਉਹਨਾਂ ਨੂੰ ਪੰਜਾਬੀ ਫਿਲਮਾਂ ਦੇ ਮੰਦਹਾਲੀ ਵਾਲੇ ਦੌਰ ਵਿਚੋਂ ਨਿਕਲਣ ਲਈ ਮਜ਼ਬੂਰੀ ਵੱਸ ਹਿੰਦੀ ਫਿਲਮਾਂ ਦੇ ਗੀਤਕਾਰ ਵਜੋਂ ਆਪਣੇ ਆਪ ਨੂੰ ਢਾਲਣਾ ਪਿਆ ਪਰ ਅਸਲ 'ਚ ਉਹਨਾਂ ਦੇ ਇਹ ਹਿੰਦੀ ਗੀਤਾਂ ਵਿੱਚੋਂ ਪੰਜਾਬੀ ਦੀ ਪੁੱਠ ਆਸਾਨੀ ਨਾਲ ਪਹਿਚਾਣੀ ਜਾ ਸਕਦੀ ਹੈ। ਵਰਮਾਂ ਮਲਿਕ ਜੀ ਦੇ ਇਹਨਾਂ ਯਾਦਗਾਰੀ ਪੰਜਾਬੀ ਅਤੇ ਪੰਜਾਬੀ ਲਹਿਜ਼ੇ ਵਾਲੇ ਹਿੰਦੀ ਗੀਤਾਂ ਅਤੇ ਸੰਗੀਤਕਾਰ ਵਜੋਂ ਉਹਨਾਂ ਦੀਆਂ ਬਣਾਈਆਂ ਧੁਨਾਂ 'ਤੇ ਇਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ।


ਵਰਮਾਂ ਮਲਿਕ ਜੀ 15 ਮਾਰਚ 2009 ਨੂੰ ਚੁੱਪ-ਚਾਪ ਇਸ ਜਹਾਨ ਤੋਂ ਤੁਰ ਗਏ। ਗ਼ਿਲਾ ਤਾਂ ਇਸ ਗੱਲ ਦਾ ਰਿਹਾ ਕਿ ਪੰਜਾਬੀ ਦੇ ਇਸ ਪੁੱਤਰ ਅਤੇ ਐਨੇ ਵੱਡੇ ਲਿਖਾਰੀ ਦੀ ਫੌਤਗੀ ਦਾ ਪਤਾ ਅਗਲੇ ਦਿਨ ਅਖ਼ਬਾਰਾਂ ਰਾਹੀਂ ਹੀ ਲੱਗਿਆ। ਇਹ ਗੱਲ ਵੱਖਰੀ ਹੈ ਕਿ ਉਸਦੇ ਗੀਤ, ਲੋਕ-ਗੀਤਾਂ ਵਾਂਗ ਪੰਜਾਬੀਆਂ ਦੇ ਦਿਲਾਂ 'ਚ ਵਸਦੇ ਹਨ ਤੇ ਸਦਾ ਵਸਦੇ ਰਹਿਣਗੇ।

---

**facebook** ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਸਿੱਧੂ ਮੂਸੇਵਾਲੇ ਦੇ ਸੈਕਿੰਡ ਲਾਸਟ ਗੀਤ The Last Ride ਮਾਰਫ਼ਤ ਟੂਪਾਕ ਸ਼ਕੂਰ ਬਾਰੇ ਚਰਚਾ

ਸਿੱਧੂ ਦੇ ਮਰਨ ਤੋਂ ਦੋ ਕੁ ਹਫ਼ਤੇ ਪਹਿਲਾਂ The Last Ride ਗੀਤ ਆਇਆ,ਜਿਸਦੇ ਟਾਈਟਲ ਪੋਸਟਰ'ਚ ਕਰਾਈਮ ਸੀਨ'ਚ ਇੱਕ ਕਾਰ ਦੀ ਫੋਟੋ ਦਿਖਾਈ ਦਿੰਦੀ ਹੈ।ਅਸਲ'ਚ ਇਹ ਕਾਰ BMW 750Li ਹੈ,ਜਿਸ'ਚ ਤੁਪਾਕ ਨੇ 7 ਸਤੰਬਰ 1996 ਦੀ ਰਾਤ ਆਪਣੀ 'ਆਖ਼ਰੀ ਸਵਾਰੀ' (The Last Ride) ਕੀਤੀ।




ਟੂਪਾਕ ਲਾਸ ਵੇਗਸ 'ਚ ਮਾਈਕ ਟਾਇਸਨ ਤੇ ਬਰੂਸ ਸ਼ੈਲਡਨ ਦੀ ਇਤਿਹਾਸਕ ਫਾਈਟ ਦੇਖ ਕੇ ਆਪਣੇ ਦੋਸਤਾਂ ਨਾਲ ਵਾਪਸ ਆ ਰਿਹਾ ਸੀ ਤੇ ਰਾਤ ਸਵਾ 11 ਦੇ ਕਰੀਬ ਫਲੇਮਿਗੋ ਰੋਡ'ਤੇ ਜਿਉਂ ਹੀ ਲਾਲ ਬੱਤੀ ਕਰਕੇ ਉਸਦੀ ਕਾਰ ਰੁਕੀ ਤਾਂ ਉਸਨੂੰ ਗਲੌਕ ਚੋਂ ਨਿਕਲੀਆਂ .40 ਕੈਲੀਬਰ ਦੀਆਂ ਚਾਰ ਗੋਲੀਆਂ ਨਾਲ ਭੁੰਨ ਦਿੱਤਾ ਗਿਆ।ਦੋ ਗੋਲੀਆਂ ਉਸਦੀ ਛਾਤੀ'ਚ,ਇੱਕ ਬਾਂਹ'ਤੇ ਅਤੇ ਇੱਕ ਪੱਟ'ਤੇ ਲੱਗੀਆਂ।6 ਦਿਨ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਉਹ 13 ਸਤੰਬਰ ਨੂੰ ਜਹਾਨੋਂ ਰੁਖਸਤ ਹੋ ਗਿਆ।

1971'ਚ ਜੰਮਿਆ ਤੇ 25 ਸਾਲ ਦੀ ਉਮਰ'ਚ ਜ਼ੋਬਨ ਰੁੱਤੇ ਜਾਣ ਵਾਲਾ ਟੂਪਾਕ ਦੁਨੀਆ ਦੇ ਸਭ ਤੋਂ ਮਹਾਨ ਰੈਪਰਾਂ ਚੋਂ ਇੱਕ ਸੀ।ਉਸਦਾ ਜਨਮ ਨਿਊਯਾਰਕ ਸ਼ਹਿਰ'ਚ ਬਹੁਤ ਗਰੀਬੀ'ਚ ਹੋਇਆ ਤੇ ਉਸਦੇ ਮਾਪੇ ਬਲੈਕ ਪੈਂਥਰਜ਼ ਪਾਰਟੀ ਦੇ ਮੈਂਬਰ ਸਨ,ਜੋ ਪੁਲਿਸ ਜ਼ਿਆਦਤੀਆਂ ਖਿਲਾਫ਼ ਕਾਲੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਦੀ ਸੀ।ਉਹਨਾਂ ਨੂੰ ਇਸ ਸੰਘਰਸ਼ ਕਰਕੇ ਬਹੁਤ ਵਾਰ ਜ਼ੇਲ੍ਹ ਜਾਣਾ ਪਿਆ ਤੇ ਉਹਨਾਂ'ਤੇ ਦਰਜ਼ਨਾਂ ਕੇਸ ਸਨ।

ਟੂਪੈਕ (ਉਸਦਾ ਬਦਲਵਾਂ ਸਟੇਜੀ ਨਾਮ)ਨੇ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਖਿਲਾਫ਼ ਬਹੁਤ ਨਿਡਰ ਹੋ ਕੇ ਰੈਪ ਕੀਤਾ ਤੇ ਉਹ ਲੋਕਾਂ'ਚ ਇੰਨਾ ਹਰਮਨ-ਪਿਆਰਾ ਹੋ ਗਿਆ ਕਿ ਉਸਦੇ ਸਮਕਾਲੀਨ ਰੈਪਰ ਬੈਕਫੁੱਟ'ਤੇ ਆਉਣ ਲੱਗੇ।ਇਸ ਕਰਕੇ ਉਸਦੀ ਉਹਨਾਂ ਨਾਲ ਜ਼ਿੱਦ ਬੈਂਸ ਵੀ ਵਧੀ ਤੇ ਗੈਂਗਵਾਰਾਂ'ਚ ਵੀ ਉਸਦਾ ਨਾਮ ਆਉਣ ਲੱਗਾ।BPac ਦੇ ਗੀਤਾਂ'ਚ ਹਥਿਆਰਾਂ ਤੇ ਹਿੰਸਾ ਦੀ ਗੱਲ ਵੀ ਹੁੰਦੀ ਸੀ ਤੇ ਉਹ ਗਲਤ ਨੂੰ ਗਲਤ ਕਹਿ ਕੇ ਬਹੁਤ ਕਰਾਰੀਆਂ ਤੇ ਤਿੱਖੀਆਂ ਚੋਟਾਂ ਵੀ ਕਰਦਾ ਸੀ।

ਤੁਪਾਕ ਨੇ Ghetto Life(ਗੇਟੋ ਲਾਈਫ ਮਤਲਬ ਗੁਰਬਤ ਭਰੀ ਜ਼ਿੰਦਗੀ) ਬਾਰੇ ਬਹੁਤ ਗਾਣੇ ਗਾਏ ਤੇ ਬਹੁਤ ਥੱਲਿਓ ਉੱਠ ਕੇ Hip-Hop ਦਾ ਬੇਤਾਜ਼ ਬਾਦਸ਼ਾਹ ਬਣਿਆ।ਉਹਨਾਂ ਦਿਨਾਂ'ਚ ਹੀ ਬਿਗੀ ਸਮਾਲਸ ਜੋ (Notorious B.9.7.ਦੇ ਨਾਮ ਵਜੋਂ ਵੀ ਜਾਣਿਆ ਜਾਂਦਾ ਹੈ )ਬਹੁਤ ਮਸ਼ਹੂਰ ਰੈਪਰ ਸੀ।ਪਹਿਲਾਂ ਤੁਪਾਕ ਤੇ ਬਿਗੀ ਦੋਸਤ ਰਹੇ ਪਰ ਬਾਅਦ'ਚ ਉਹਨਾਂ ਦੀ ਵਿਗੜ ਗਈ।ਇਸਦਾ ਧੁਰਾ East Coast ਤੇ West Coast ਦੇ ਰੈਪਰਾਂ ਦੀ rivalary (ਅੜਫਸ)ਬਣੀ। Hip-Hop Culture ਤੇ ਰੈਪ ਮਿਊਜ਼ਕ ਦਾ ਜਨਮ ਈਸਟ ਕੋਸਟ'ਚ ਹੋਇਆ ਅਤੇ ਬਿਗੀ ਤੇ ਪਫ਼ ਡੈਡੀ ਵਰਗੇ ਰੈਪਰ ਇਸਦੇ ਸਭ ਤੋਂ ਵੱਡੇ ਝੰਡਾਬਰਦਾਰ ਸਨ,ਜਦਕਿ ਵੈਸਟ ਕੋਸਟ ਧੜੇ ਦੀ ਪ੍ਰਤੀਨਿਧਤਾ BPac ਤੇ Suge Knight ਕਰਦੇ ਸਨ।

90ਵੇਂ ਦੇ ਦਹਾਕੇ ਦੀ ਇਹ ਈਸਟ-ਵੈਸਟ ਕੋਸਟ ਜ਼ਿੱਦ-ਬੈਂਸ ਇਕੱਲੇ ਗੀਤਾਂ'ਚ ਧਮਕੀਆਂ ਵਾਲੀ ਹੀ ਨਹੀਂ ਸੀ ਸਗੋਂ ਉਹ ਇੱਕ ਦੂਜੇ'ਤੇ ਅਸਲ ਜ਼ਿੰਦਗੀ'ਚ ਵੀ ਗੋਲੀਆਂ ਚਲਾ ਦਿੰਦੇ ਸਨ।ਟੂਪੈਕ ਦੇ ਇੱਕ ਹਮਲੇ'ਚ ਪੰਜ ਗੋਲੀਆਂ ਵੱਜੀਆਂ ਸਨ ਤੇ ਉਸਨੇ ਠੀਕ ਹੋਣ'ਤੇ hit em up ਰੈਪ'ਚ five shots could not drop me ਕਹਿ ਕੇ ਦੁਸ਼ਮਣਾਂ ਨੂੰ ਲਲਕਾਰਿਆ ਸੀ।ਬਾਅਦ' ਚ ਦੂਜੀ ਵਾਰ ਹੋਏ ਹਮਲੇ'ਚ ਤਾਂ ਉਹ ਮਾਰਿਆ ਹੀ ਗਿਆ।

ਸ਼ਕੂਰ ਦੇ ਕਈ ਗੀਤ ਸਮਾਜ ਦੀ ਨਸਲਵਾਦੀ ਹਕੀਕਤ ਨੂੰ ਦਰਸਾਉਂਦੇ ਹਨ, ਜਿਨ੍ਹਾਂ ਨੇ ਅਫਰੀਕੀ ਮੂਲ ਦੇ ਅਮਰੀਕੀ ਨੌਜਵਾਨਾਂ ਨੂੰ ਇਸਦੇ ਖਿਲਾਫ਼ ਕੁੱਦਣ ਲਈ ਮਜਬੂਰ ਕੀਤਾ।ਉਸਨੂੰ ਸਰੀਰਕ ਸ਼ੋਸ਼ਣ ਦੇ ਕਥਿਤ ਦੋਸ਼ਾਂ ਹੇਠ ਜੇਲ੍ਹ ਵੀ ਜਾਣਾ ਪਿਆ ਸੀ ਅਤੇ ਆਪਣੀ ਮੌਤ ਤੋਂ ਡੇਢ ਕੁ ਸਾਲ ਪਹਿਲਾਂ ਹੀ ਉਹ ਰਿਹਾਅ ਹੋ ਕੇ ਆਇਆ ਸੀ।
ਉਹ ਮਸ਼ਹੂਰ ਅਮਰੀਕੀ ਗਾਇਕਾ ਅਤੇ ਅਦਾਕਾਰਾ ਮੈਡੋਨਾ ਨਾਲ ਵੀ ਰਿਲੇਸ਼ਨ'ਚ ਰਿਹਾ।
ਤੁਪਾਕ ਦੀ ਆਖ਼ਰੀ ਮਿਊਜ਼ਿਕ ਐਲਬਮ All Eyes on Me ਉਸ ਦੀ ਮੌਤ ਦੇ ਸਾਲ,1996 ਵਿੱਚ ਹੀ ਰਿਲੀਜ਼ ਹੋਈ ਸੀ, ਜੋ ਕਿ ਅਮਰੀਕਾ ਦੀਆਂ ਸਭ ਤੋਂ ਵੱਧ ਵਿਕਣ ਵਾਲੀਆਂ ਐਲਬਮਾਂ ਵਿੱਚੋਂ ਇੱਕ ਸੀ।

ਸ਼ੁਭਦੀਪ ਜਵਾਨੀ'ਚ ਪੈਰ ਧਰਨ ਤੋਂ ਲੈ ਕੇ ਹੀ ਟੂਪੈਕ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸੀ ਤੇ ਇਹ ਗੱਲ ਉਸਦੇ Guru Nanak Engineering College Ludhiana ਦੇ ਬੀ.ਟੈੱਕ ਦੇ ਜਮਾਤੀਆਂ ਨੇ ਵੀ ਮੰਨੀ ਹੈ।

ਜਿਵੇਂ ਦਾ ਲਾਸਟ ਰਾਈਡ'ਚ ਮੂਸੇ ਵਾਲੇ ਨੇ ਮਰਨ ਤੋਂ ਸਿਰਫ਼ 15 ਦਿਨ ਪਹਿਲਾਂ "ਹੋ ਚੋਬਰ ਦੇ ਚਿਹਰੇ'ਤੇ ਨੂਰ ਦਸਦਾ,ਨੀ ਇਹਦਾ ਉੱਠੂਗਾ ਜਵਾਨੀ'ਚ ਜਨਾਜ਼ਾ ਮਿੱਠੀਏ' ਗਾ ਕੇ Death Wish ਦੇ ਸੰਕੇਤ ਦਿੱਤੇ ਸਨ,ਬਿਲਕੁਲ ਉਸੇ ਤਰ੍ਹਾਂ ਤੁਪਾਕ ਦੇ ਅਖੀਰਲੇ ਗੀਤ I Ain't mad at Cha' ਚ ਇੱਕ ਝਗੜੇ ਬਾਅਦ ਉਸਨੂੰ ਗੋਲੀ ਮਾਰਦੇ ਦਿਖਾਇਆ ਗਿਆ ਸੀ।ਇਹ ਗੀਤ ਉਸਦੀ ਮੌਤ ਤੋਂ ਦੋ ਦਿਨ ਬਾਅਦ ਰਿਲੀਜ਼ ਕੀਤਾ ਗਿਆ ਸੀ।
ਰੈਪ ਦੀ ਦੁਨੀਆ'ਚ BPac ਦਾ ਨਾਮ ਆਪਣੀ ਨਾਬਰੀ ਲਈ ਹਮੇਸ਼ਾ ਅਮਰ ਰਹੇਗਾ !
PS: All eyez on me ਇੱਕ ਸੀਰੀਜ਼ ਹੈ ਜੋ ਨੈਟਫਲਿਕਸ ਤੇ ਉਪਲਬਧ ਹੈ,ਜਿਸ ਚ ਟੂਪਾਕ ਤੇ ਬਿਗੀ ਬਾਰੇ ਕਾਫ਼ੀ ਵਿਸਥਾਰ'ਚ ਹੈ।
ਬਿਗੀ ਦੀ ਲਾਈਫ'ਤੇ ਇੱਕ ਡਾਕੂਮੈਂਟਰੀ ਵੀ ਆ ਨੈਟਫਲਿਕਸ ਤੇ
Biggie- I got a story to tell
ਤੇ ਇੱਕ ਹੋਰ ਸੀਰੀਜ ਵੀ ਹੈ ' Unsolved ਦੇ ਨਾਮ'ਤੇ ਜਿਸ ਵਿਚ ਟੂਪਾਕ ਤੇ ਬਿਗੀ ਦੋਵਾਂ ਬਾਰੇ ਕਾਫ਼ੀ ਕੁਝ ਸੀ ।

**ਜੈਕਨਾਮਾ ਦੀ ਫੇਸਬੁੱਕ ਤੋ ਧੰਨਵਾਦ ਸਹਿਤ ਕਾਪੀ ਕੀਤਾ ਗਿਆ**

---




# ਬੋਲਾਂ ਵਿੱਚਲੀ ਚਾਬੀ ਹੁੰਗਾਰਾ ਭਰਨ ਵਾਲੇ ਦਾ ਦਿਲ ਖੋਹਲ ਸਕਦੀ ਹੈ

ਹੋਣੇ ਨਾ ਹੱਲ ਮੈਥੋਂ ਤੇਰੇ ਸਵਾਲ ਹੋਰ ।
ਤੇਰੀ ਹੈ ਸੋਚ ਓਹੀ ਮੇਰੇ ਖਿਆਲ ਹੋਰ ।
ਰੰਗੀਨ ਖ਼ਾਬ ਤੇਰੇ ਤੈਨੂੰ ਰਹਿਣ ਮੁਬਾਰਕ
ਜਦ ਕਿ ਮੇਰੇ ਲਈ ਨੇ ਸੈਆਂ ਸਵਾਲ ਹੋਰ ।....(ਹਰੀ ਸਿੰਘ)

ਇੱਕ ਵਾਰੀ ਕਿਸੇ ਵਿਦਵਾਨ ਨੇ ਕਿਹਾ ਸੀ ਕਿ ਮੈਂ ਸ਼ਬਦਾਂ ਤੋਂ ਵੀ ਪਹਿਲਾਂ ਬੋਲਾਂ ਤੇ ਜਾਂ ਕਿਸੇ ਤਰਜ਼ ਤੇ ਰੀਝਦਾ ਹਾਂ। ਉਸ ਸਮੇਂ ਮੈਨੂੰ ਇਹ ਬੇਤੁਕਾ ਜਿਹਾ ਲੱਗਿਆ ਸੀ ਭਲਾ ਕਿਸੇ ਅਰਥ ਨੇ ਸ਼ਬਦ ਤੋਂ ਹੋ ਕੇ ਬੋਲ ਬਣ ਕੇ ਹੀ ਭਰਮਾਉਣਾ ਹੋਣਾ ਹੈ। ਪਰ ਮੇਰੀ ਧਾਰਨਾ ਗਲਤ ਸੀ। ਹੁਣ ਟਿਕ ਟੌਕ ਤੋਂ ਜਾਂ ਸੋਸ਼ਲ ਮੀਡੀਆ ਤੋਂ ਹੀ ਇਸ ਕਥਨ ਦੀ ਅਸਲੀ ਸਚਾਈ ਜੱਗ ਜਾਹਿਰ ਹੁੰਦੀ ਲੱਗਦੀ ਹੈ। ਜਦੋਂ ਕਹੇ ਹੋਏ ਬੋਲਾਂ ਨੂੰ ਜਾਂ ਬੋਲਾਂ ਦੀ ਤਰਜ਼ ਨੂੰ ਜਾਂ ਰਮਜ਼ ਦੇ ਅਸਰ ਨੂੰ ਸੰਘਣਾ, ਗਹਿਰਾ ਅਤੇ ਡੂੰਘਾ ਹੋ ਰਿਹਾ ਵੇਖਦੀ ਹਾਂ । ਉਂਗਲ ਦੇ ਪੋਟੇ ਨਾਲ ਹੀ ਤੁਹਾਡਾ ਰਾਬਤਾ ਪੂਰੀ ਦੁਨੀਆਂ ਨਾਲ ਆ ਜੁੜਦਾ ਹੈ। ਇੱਕ ਹੋਰ ਗੌਲਣਯੋਗ ਨੁਕਤਾ ਇਹ ਹੈ ਕਿ ਅਸੀਂ ਲੰਘ ਚੱਲੀ ਪੀੜ੍ਹੀ ਵਾਲੇ ਆ ਰਹੀ ਪੀੜ੍ਹੀ ਤੋਂ ਆਪਣੀ ਵਿੱਥ ਸਿਰਜੀ ਬੈਠੇ ਹਾਂ। ਕਿਹਾ ਜਾਂਦਾ ਹੈ ਕਿ ਮਿਸਰ ਦੇ ਪਿਰਾਮਿਡਜ ਦੀ ਕਿਸੇ ਕੰਧ ਤੇ ਲਿਖਿਆ ਹੋਇਆ ਹੈ ਕਿ ਆ ਰਹੀ ਪੀੜ੍ਹੀ ਖ਼ੁਦਗਰਜ਼, ਲਾਪ੍ਰਵਾਹ ਅਤੇ ਨਿਜ-ਮੁਖੀ ਹੋਵੇਗੀ। ਇਹ ਸ਼ਬਦ ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਦੇ ਹਨ। ਪਰ ਅੱਜ ਵੀ ਸਮੇਤ ਮੇਰੇ ਜਿਸਨੇ ਬਹੁਤੀ ਉਮਰ ਜਵਾਨ ਪੀੜ੍ਹੀ ਵਿੱਚ ਲੰਘਾਈ ਹੈ, ਸਭ ਬਜ਼ੁਰਗ ਇਹਨਾਂ ਸ਼ਬਦਾਂ ਨੂੰ ਜਿਉਂ ਦਾ ਤਿਉਂ ਸਾਂਭ ਰਹੇ ਹਾਂ। ਇਹ ਆਪ ਤਾਂ ਭਲਾ ਰੁਝੇਵਿਆਂ ਦੇ ਬਹਾਨੇ ਉਹਲੇ ਵਿੱਥ ਪਾ ਰਹੇ ਹੋਣੇ। ਆਸਟਰੇਲੀਆ ਜਾਣ ਤੋਂ ਪਹਿਲਾਂ ਮੇਰੀ ਇਹ ਪੱਕੀ ਧਾਰਨਾ ਸੀ ਕਿ ਮੈਨੂੰ ਬੱਸ ਬਜ਼ੁਰਗ ਹੀ ਸੁਣਦੇ ਹਨ। ਜਦੋਂ ਉੱਥੋਂ ਦੀ ਜਵਾਨ ਪੀੜ੍ਹੀ ਮੈਨੂੰ ਤਪਾਕ ਨਾਲ ਆ ਮਿਲੀ ਤਾਂ ਮੈਨੂੰ ਉਹਨਾਂ ਦੀ ਥਾਂ ਤੇ ਖੜ੍ਹ ਕੇ ਸੋਚਣਾ ਪਿਆ ਇਹ ਮਾਪਿਆਂ ਦੀ ਸਰਫ਼ੇ ਵਾਲੀ ਔਲਾਦ ਬਹੁਤੇ ਲਾਡਾਂ ਨਾਲ ਪਾਲੀ ਪੀੜ੍ਹੀ ਜਿੰਦਗੀ ਦੇ ਥਪੇੜੇ ਜਰਨ ਜੋਗੀ ਅਸੀਂ ਪਾਲ਼ੀ ਹੀ ਹੋਰ ਤਰਾਂ ਹੈ। ਕਿੰਨੀਆਂ ਹੀ ਅੱਲੜ੍ਹ ਧੀਆਂ ਪਹਿਲੀ ਵਾਰ ਹੀ ਇਉਂ ਮਿਲ ਰਹੀਆਂ ਸਨ ਜਿਵੇਂ ਸਾਡੀ ਕਈ ਜਨਮਾਂ ਦੀ ਸਾਂਝ ਹੋਵੇ। ਉਹ ਸਭ ਮੇਰੇ ਕਹੇ ਬੋਲਾਂ ਦਾ ਭਰਵਾਂ ਹੁੰਗਾਰਾ ਸਨ। ਉਨ੍ਹਾਂ ਦੇ ਸੀਨੇ ਵਿਛੇ ਰੇਗਿਸਤਾਨ ਤੇ ਮੇਰੇ ਬੋਲ ਟਕੋਰ ਕਰਦੇ ਨਜ਼ਰ ਆ ਰਹੇ ਸਨ। ਜਿਸ ਨੂੰ ਵੀ ਬੋਲਾਂ ਵਿੱਚਲੀ ਰਮਜ਼ ਸਮਝ ਆਉਂਦੀ ਹੈ, ਉੱਥੇ ਰੁਤਬਾ,ਉਮਰ, ਕਿੱਤਾ, ਸ਼ਕਲ ਜਾਂ ਪਹਿਨਣ ਸਭ ਖਾਰਜ ਹੋ ਕੇ ਅਹਿਸਾਸਾਂ ਦੇ ਨੇੜੇ ਪਲਣ ਜਿਹੀ ਸਾਂਝ ਪਸਰਦੀ ਹੈ। ਦੋਹਾਂ ਧਿਰਾਂ ਦਾ ਅੰਦਰਲਾ ਸੰਸਾਰ ਮੋਕਲਾ ਹੋ ਕੇ ਬਸ ਇਨਸਾਨੀਅਤ ਦੀ ਹਾਮੀ ਭਰਦਾ ਹੈ। ਬਹੁਤ ਬੱਚੇ ਹਨ ਜੋ ਬਿਗਾਨੀਆਂ ਧਰਤੀਆਂ ਤੇ ਅੰਦਰੋਂ ਤਰਾਸ਼ੇ ਜਾਂਦੇ ਅਪਣੱਤ ਭਾਲਦੇ ਹਨ , ਮਾਪਿਆਂ ਤੋਂ ਹੰਢਾਏ ਲਾਡ ਦੁਲਾਰ ਨੂੰ ਤਰਸਦੇ ਹਨ, ਹੰਝੂ ਕੇਰਨ ਲਈ ਕੋਈ ਮੋਢਾ ਲੱਭਦੇ ਹਨ। ਉਨ੍ਹਾਂ ਸਭ ਦੇ ਸੀਨੇ ਤੇ ਪਲਦੇ ਜਖਮ ਮੋਹ ਭਰੇ ਬੋਲਾਂ ਦੀ ਮਲਮ, ਸਿਰ ਪਲੋਸਣ ਜਾਂ ਕਲਾਵੇ ਦਾ ਨਿੱਘ ਹੀ ਭਾਲਦੇ ਹਨ। ਅੰਦਰ ਦਫ਼ਨ ਰੀਝਾਂ ਅਤੇ ਕੰਵਾਰੇ ਸੁਪਨੇ ਟੁੱਟਦੇ ਹੋਏ ਹੀ ਤਰਦੀਆਂ ਅੱਖਾਂ ਤੋਂ ਪੜ੍ਹੇ ਜਾ ਸਕਦੇ ਹਨ। ਜੇ ਮੈਂ ਉਨ੍ਹਾਂ ਸਭ ਨੂੰ ਇੱਕ ਇੱਕ ਕਰਕੇ ਦਿਨ ਭਰ ਮਿਲ ਲਵਾਂ, ਤਾਂ ਕਿੰਨੀਆਂ ਹੀ ਕਹਾਣੀਆਂ ਮੇਰਾ ਸਰਮਾਇਆ ਬਣ ਸਕਦੀਆਂ ਹਨ। ਮੈਨੂੰ ਲੱਗਦਾ ਰਿਹਾ ਕਿ ਮੇਰੇ ਬੋਲਾਂ ਵਿੱਚਲੀ ਚਾਬੀ ਹੁੰਗਾਰਾ ਭਰਨ ਵਾਲੇ ਦਾ ਦਿਲ ਖੋਹਲ ਸਕਦੀ ਹੈ। ਉਹ ਆਪਣਾ ਆਪਾ ਭਰਿਆ ਹੋਇਆ ਮੇਰੇ ਮੂਹਰੇ ਖਾਲੀ ਕਰਨ ਨੂੰ ਰਾਜੀ ਹੋ ਸਕਦੇ ਹਨ। ਪਰ ਸਮੇਂ ਨੇ ਕਦੇ ਮੈਨੂੰ ਡਾਹ ਨਹੀਂ ਦਿੱਤੀ। ਕਿਸੇ ਵੀ ਰਿਸ਼ਤੇ ਨੂੰ ਰੱਜ ਕੇ ਮਾਣ ਨਹੀਂ ਸਕੀ, ਕੋਲ ਬਹਿ ਕੇ ਜਾਣ ਨਹੀਂ ਸਕੀ ,ਪੂਰੀ ਤਰਾਂ ਧੁਰ ਅੰਦਰ ਤੱਕ ਪਛਾਣ ਨਹੀਂ ਸਕੀ ।ਸਾਡੀ ਪਰਵਰਿਸ਼ ਮਾਪਿਆਂ ਨੇ ਛਤਰ ਛਾਇਆ ਅਤੇ ਛਿੱਤਰ ਛਾਇਆ ਹੇਠ ਕਰਕੇ ਔਖੇ ਵੇਲੇ ਨਾਲ ਭੈਣ ਭਰਾਵਾਂ ਵਾਂਗ ਝਾਟ ਮਝੀਟਾ ਹੋਣ ਦਾ ਵੱਲ ਦਿੱਤਾ ਸੀ। ਪਰ ਇਹ ਪੀੜ੍ਹੀ ਬਸ ਲਾਡਾਂ ਨਾਲ ਪਲੀ ਤਲਖ਼ ਹਕੀਕਤਾਂ ਦੇ ਰੂਬਰੂ ਖੜ੍ਹਨ ਲੱਗੀ ਅੰਦਰੋਂ ਬਿਖਰ ਜਾਂਦੀ ਹੈ। ਇਸਦੀ ਪੁਸ਼ਟੀ ਵਜੋਂ ਮੈਂ ਇੱਕ ਨਿੱਜੀ ਘਟਨਾ ਲਿਖ ਰਹੀ ਹਾਂ । ਪੂਰੇ ਖਚਾ ਖਚ ਭਰੇ ਲੋਕਾਂ ਦੇ ਇੱਕਠ ਵਿਚੋਂ ਰਾਹ ਬਣਾਉਂਦੀ ਇੱਕ ਖ਼ੂਬਸੂਰਤ ਲੜਕੀ ਮੇਰੇ ਕੋਲ ਆਈ। ਮੇਰਾ ਹੱਥ ਪੂਰੇ ਮੋਹ ਨਾਲ ਆਪਣੇ ਦੋਹਾਂ ਹੱਥਾਂ ਵਿੱਚ ਘੁੱਟਦੀ ਆਪਣੀਆਂ ਭਰੀਆਂ ਅੱਖਾਂ ਨਾਲ ਲਾ ਕੇ ਟੁੱਟਵੇਂ ਸ਼ਬਦਾਂ ਨਾਲ ਕਹਿ ਰਹੀ ਸੀ, ÷ ਅੰਟੀ ਤੁਸੀਂ ਮੇਰੀ ਜਿੰਦਗੀ ਬਦਲਤੀ। ਮੈਂ ਥੈਂਕਿਊ ਕਰਨ ਬੜੀ ਦੂਰੋਂ ਆਈ ਹਾਂ।÷ ਮੈਂ ਉਸਨੂੰ ਕਲਾਵੇ ਚ ਲੈ ਕੇ ਪੁੱਛਿਆ ,÷ ਆਪਾਂ ਤਾਂ ਅੱਜ ਪਹਿਲੀ ਵਾਰ ਮਿਲ ਰਹੇ ਹਾਂ। ÷ ਉਹ ਕਹਿ ਰਹੀ ਸੀ ,÷ ਮੈਂ ਦੋ ਵਾਰੀ ਮਰਨ ਦੀ ਕੋਸ਼ਿਸ਼ ਕੀਤੀ ਪਰ ਦੋਵੇਂ ਵਾਰ ਤੁਹਾਡੀ ਕੋਈ ਵੀਡੀਓ ਨੇ ਮੈਨੂੰ ਬਚਾ ਲਿਆ।÷ ਅਸਲ ਵਿੱਚ ਅਜਿਹੀ ਪੰਘਰੀ ਸਥਿਤੀ ਬਸ ਦੋ ਬੋਲਾਂ ਦਾ ਆਸਰਾ ਹੀ ਭਾਲਦੀ ਹੈ। ਜਿਊਣ ਜੋਗੀ ਥੰਮੀ ਬਣ ਕੇ ਉਹ ਪਲ ਪਾਸਾ ਪਲਟ ਦਿੰਦਾ ਹੈ। ਉਪਰੋਂ ਲਿਸ਼ਕਾਏ ਅਤੇ ਮੁਸਕਰਾਏ ਚਿਹਰੇ ਪਿੱਛੇ ਪਲ਼ਦਾ ਮਾਰੂਥਲ ਬਲ਼ਦੀ ਮੋਮਬੱਤੀ ਵਾਂਗ ਖਰਦਾ ਨਜ਼ਰ ਆਉਂਦਾ ਹੈ। ਇਹਨਾਂ ਵੱਲ ਮੁਹੱਬਤ ਦਾ ਇੱਕ ਕਦਮ ਹੀ ਇਨ੍ਹਾਂ ਨੂੰ ਛਲਕਾ ਲੈਂਦਾ ਹੈ। ਸਾਨੂੰ ਵੀ ਵੱਡਾ ਜਿਗਰਾ ਕਰਕੇ ਇਨ੍ਹਾਂ ਦੀ ਬੇਰੁਖੀ ਨੂੰ ਚੱਲ ਹੋਊ ਪਰ੍ਹੇ ਕਰਕੇ ਗਲ਼ ਲਾਉਣਾ ਬਣਦਾ ਹੈ।

ਕੁਝ ਨਾ ਮਿਲਣਾ ਤੈਨੂੰ ਰੰਗ ਬਰੰਗੇ ਕਪੜੇ ਪਾ ਕੇ
ਜੇਕਰ ਤੇਰੇ ਦਿਲ ਵਿੱਚ ਹੈ ਨਹੀਂ ਰੰਗਾਂ ਦਾ ਦਰਿਆ।
ਦਿਲ ਰੋਂਦਾ ਹੈ ਤੇਰਾ ਰੋਸ਼ਨ ਅੱਖਾਂ ਵਿੱਚ ਹਨ ਹੰਝੂ,
ਝੂਠੀ ਮੂਠੀ ਮੁਸਕਾ ਕੇ ਤੂੰ ਫੋਟੋ ਨਾ ਖਿਚਵਾ ।..................
(ਗੁਰਦਿਆਲ ਰੌਸ਼ਨ )

# ਚੌਧਰੀ ਗਇਆ ਲਾਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ...ਅੱਗੇ ਮਿਲੇ...**

**ਚੌਧਰੀ ਗਇਆ ਲਾਲ ਦਾ ਜਨਮ 15 ਜਨਵਰੀ 1930 ਨੂੰ ਭਾਰਤੀ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਦੇ ਫ਼ਰੀਦਾਬਾਦ ਜ਼ਿਲ੍ਹੇ ਦੇ ਪਲਵਲ ਨੇੜਲੇ ਹੋਡਲ ਕਸਬੇ ਵਿੱਚ ਇਕ ਗ਼ਰੀਬ ਦਲਿਤ ਪਰਿਵਾਰ ਵਿੱਚ ਹੋਇਆ ਸੀ। ਅੱਜਕਲ ਤਾਂ ਪਲਵਲ ਵੀ ਜ਼ਿਲ੍ਹਾ ਹੀ ਬਣ ਗਿਆ ਹੈ। ਉਹਨਾਂ ਨੇ ਅੱਠਵੀਂ ਜਮਾਤ ਤੱਕ ਹੀ ਪੜ੍ਹਾਈ ਕੀਤੀ ਸੀ। ਹਸਨਪੁਰ ਵਿਧਾਨਸਭਾ ਤੋਂ ਉਹ ਪਹਿਲੀ ਵਾਰ 1967 ਵਿੱਚ ਐਮਐਲਏ ਬਣੇ ਸਨ। ਉਹਨਾਂ ਦੋ ਵਾਰ ਅਜ਼ਾਦ ਅਤੇ ਦੋ ਵਾਰ ਵੱਖ ਵੱਖ ਰਾਜਨੀਤਕ ਪਾਰਟੀਆਂ ਵੱਲੋਂ ਚੋਣਾਂ ਲੜੀਆਂ ਤੇ ਦੋ ਵਾਰ ਹਾਰੇ ਤੇ 2 ਵਾਰ ਹੀ ਜਿੱਤੇ। ਭਾਰਤੀ ਸਿਆਸਤ ਵਿੱਚ 'ਆਇਆ ਰਾਮ - ਗਿਆ ਰਾਮ' ਦੀ ਰਾਜਨੀਤਕ ਕਹਾਵਤ ਦੇ ਜਨਮਦਾਤਾ ਵਜੋਂ ਹੀ ਚੌਧਰੀ ਗਇਆ ਲਾਲ ਮਸ਼ਹੂਰ ਹੋਏ ਜਦੋਂ ਕਿ ਉਹਨਾਂ ਵੱਲੋਂ ਆਪਣੇ ਵਿਧਾਨਸਭਾ ਖੇਤਰ ਲਈ ਕਰਵਾਏ ਗਏ ਵਿਕਾਸ ਕੰਮਾਂ ਨੂੰ ਹਰ ਅਣਡਿੱਠ ਕੀਤਾ ਜਾਂਦਾ ਰਿਹਾ। ਇਕ ਦਿਨ ਵਿੱਚ 3 ਵਾਰ ਪਾਰਟੀ ਬਦਲਣ ਕਰਕੇ ਉਹ ਬਹੁਤ ਬਦਨਾਮ ਵੀ ਹੋਏ। ਅੱਜ ਕੱਲ ਉਹਨਾਂ ਦਾ ਪੁੱਤਰ ਉਦੈ ਭਾਨ ਹਰਿਆਣਾ ਕਾਂਗਰਸ ਪਾਰਟੀ ਦਾ ਸੂਬਾ ਪ੍ਰਧਾਨ ਹੈ ਤੇ 3 ਵਾਰ ਐਮਐਲਏ ਰਹਿ ਚੁੱਕਿਆ ਹੈ। ਸਾਲ 2009 ਵਿੱਚ ਚੌਧਰੀ ਗਇਆ ਲਾਲ ਦਾ ਦੇਹਾਂਤ ਹੋ ਗਿਆ ਸੀ।**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ




**ਪਿਆਰੇ ਰਿਸ਼ੀ ਨਾਗਰ ਜੀ,**

ਰਾਮ ਰਾਮ! ਭਾਰਤ ਵਿੱਚ ਇਸ ਸਮੇਂ ਲੋਕਸਭਾ ਚੋਣਾਂ ਚੱਲ ਰਹੀਆਂ ਨੇ ਅੱਧੇ ਰਾਊਂਡ ਮੁਕੰਮਲ ਹੋ ਗਏ ਹਨ ਤੇ ਸੋਸ਼ਲ ਮੀਡੀਆ ਦੀ ਗੱਪਾਂ ਵਿੱਚ ਨਰੇਂਦਰ ਮੋਦੀ ਹਾਰ ਰਿਹਾ ਹੈ ਜਦੋਂ ਕਿ ਦੇਸ਼ ਦੇ ਟ੍ਰੈਡਿਸ਼ਨਲ ਮੀਡੀਆ ਵਿੱਚ ਬਕ-ਬਕ ਵਿੱਚ ਮੋਦੀ ਤੇ ਵਿਰੋਧੀ ਲੱਗਪੱਗ ਨੇੜੇ ਦੇ ਮੁਕਾਬਲੇ 'ਤੇ ਹਨ। ਅਸਲ ਨਤੀਜੇ ਤਾਂ ਜੂਨ ਦੇ ਪਹਿਲੇ ਹਫ਼ਤੇ ਹੀ ਪਤਾ ਲੱਗਣਗੇ; ਉਸ ਤੋਂ ਪਹਿਲਾਂ ਤਾਂ ਕਿਆਫੇ ਹੀ ਲਗਾਏ ਜਾ ਸਕਦੇ ਹਨ।

ਰਿਸ਼ੀ ਨਾਗਰ ਜੀ, ਜਦੋਂ ਵੀ ਚੋਣਾਂ ਆਉਂਦੀਆਂ ਹਨ ਤਾਂ ਮੇਰਾ ਨਾਮ ਸਿਆਸਤ ਦੀਆਂ ਭੀੜੀਆਂ ਗਲੀਆਂ ਵਿੱਚ ਖਿੱਦੋ ਵਾਂਗ ਰੋੜ੍ਹਿਆ ਜਾਂਦਾ ਹੈ ਤੇ ਮੈਂ ਕਦੀ ਕਦੀ ਖੁਦ ਨੂੰ ਲੀਰੋ ਲੀਰ ਹੁੰਦਾ ਵੇਖਦਾ ਹਾਂ ਤਾਂ ਮੇਰਾ ਰੋਣਾ ਨਿੱਕਲ ਜਾਂਦਾ ਹੈ। ਮੈਂਨੂੰ 'ਆਇਆ ਰਾਮ - ਗਿਆ ਰਾਮ' ਕਹਾਵਤ ਦਾ ਪਿਉ ਮੰਨਿਆ ਜਾਂਦਾ ਹੈ। ਜਦੋਂ ਮਰਜ਼ੀ ਮੇਰਾ ਡੀਐਨਏ ਕਰਵਾ ਲਓ, ਮੇਰਾ 'ਆਇਆ ਰਾਮ - ਗਿਆ ਰਾਮ' ਨਾਲ ਕੋਈ ਰਿਸ਼ਤਾ ਨਹੀਂ ਹੈ ਤੇ ਜਿਹੜੇ ਮੈਨੂੰ ਇਸ ਨਾਮ ਨਾਲ ਬਦਨਾਮ ਕਰਦੇ ਨੇ, ਉਹਨਾਂ ਦੇ ਪਿਛਲੇ ਪਾਸੇ ਬੈਂਤ ਮਾਰੇ ਜਾਣੇ ਚਾਹੀਦੇ ਨੇ।

ਰਿਸ਼ੀ ਬਾਬੂ, ਮੈਂ ਤੈਨੂੰ ਆਪਣੀ ਕਹਾਣੀ ਸੁਣਾਉਣਾ ਚਾਹੁੰਦਾ ਹਾਂ। ਮੇਰਾ ਪਰਿਵਾਰ ਬਹੁਤ ਗ਼ਰੀਬ ਸੀ ਤੇ ਉਸ ਸਮੇਂ ਦਲਿਤਾਂ ਨਾਲ ਬਹੁਤ ਭੇਦਭਾਵ ਹੁੰਦਾ ਸੀ। ਮੈਂ ਜ਼ਿਆਦਾ ਪੜ੍ਹ-ਲਿਖ ਨਹੀਂ ਸਕਿਆ ਪਰ ਸਮਾਜ ਦੀਆਂ ਠੋਕਰਾਂ ਨੇ ਮੈਨੂੰ ਕਾਫੀ ਪੜ੍ਹਾਈ ਕਰਵਾ ਦਿੱਤੀ ਸੀ ਤੇ ਮੈਂ ਬਚਪਨ ਵਿੱਚ ਹੀ ਸਿਆਸੀ ਤੇ ਸਮਾਜਕ ਕਾਰਕੁੰਨ ਬਣ ਗਿਆ। 1955 ਵਿੱਚ ਮੈਂ ਪਹਿਲੀ ਵਾਰ ਕਸਬੇ ਦੀ ਮਿਉਨਿਸਪੈਲਿਟੀ ਦਾ ਮੈਂਬਰ ਚੁਣਿਆ ਗਿਆ ਸੀ ਤੇ ਕਈ ਸਾਲ ਤੱਕ ਕੌਂਸਲਰ ਤੇ ਵਾਈਸ ਪ੍ਰੈਜ਼ਿਡੈਂਟ ਰਿਹਾ। ਦਲਿਤਾਂ ਦੇ ਹੱਕ ਲਈ ਮੇਰੀ ਲੜਾਈ ਦਿੱਲੀ ਸਰਕਾਰ ਤੱਕ ਪਹੁੰਚੀ ਤੇ ਦੂਰ ਦੂਰ ਤੱਕ ਮੇਰੀ ਚਰਚਾ ਹੋਣ ਲੱਗੀ ਸੀ। 1967 ਵਿੱਚ ਮੈਂ ਪਹਿਲੀ ਵਾਰ ਹਸਨਪੁਰ ਤੋਂ ਵਿਧਾਨਸਭਾ ਚੋਣ ਲੜੀ ਤੇ ਅਜ਼ਾਦ ਉਮੀਦਵਾਰ ਵਜੋਂ 360 ਵੋਟਾਂ ਨਾਲ ਜਿੱਤਿਆ। 1966 ਵਿੱਚ ਹਰਿਆਣਾ ਬਣਨ ਤੋਂ ਬਾਦ ਇਹ ਪਹਿਲੀ ਵਿਧਾਨਸਭਾ ਚੋਣ ਸੀ। ਮੇਰੇ ਸਣੇ ਉਸ ਵੇਲੇ 16 ਆਜ਼ਾਦ ਉਮੀਦਵਾਰ ਜਿੱਤੇ ਸਨ ਤੇ ਇਹ ਅੱਜ ਤੱਕ ਦਾ ਰਿਕਾਰਡ ਹੈ। ਉਸ ਸਮੇਂ ਹਰਿਆਣਾ ਵਿੱਚ 81 ਵਿਧਾਨਸਭਾ ਸੀਟਾਂ ਸਨ ਤੇ 48 'ਤੇ ਕਾਂਗਰਸ ਜੇਤੂ ਰਹੀ। ਉਸ ਵੇਲੇ ਭਗਵਤ ਦਿਆਲ ਸ਼ਰਮਾ ਨੂੰ ਮੁੱਖ ਮੰਤਰੀ ਚੁਣਿਆ ਗਿਆ। ਉਹਨਾਂ ਦੇ ਮੁੱਖ-ਮੰਤਰੀ ਬਣਨ ਦੇ ਕੁਝ ਹੀ ਦਿਨਾਂ ਬਾਦ ਬਗ਼ਾਵਤ ਸ਼ੁਰੂ ਹੋ ਗਈ। ਜਾਟ ਆਗੂ ਰਾਓ ਵਰਿੰਦਰ ਸਿੰਘ ਨੇ ਕਾਂਗਰਸੀ ਵਿਧਾਇਕਾਂ ਨੂੰ ਤੋੜਣਾ ਸ਼ੁਰੂ ਕਰ ਦਿੱਤਾ ਤੇ ਸੰਯੁਕਤ ਮੋਰਚਾ ਬਣਾ ਕੇ ਅਗਵਾਈ ਕਰਨ ਲੱਗੇ। ਮੁੱਖ ਮੰਤਰੀ ਭਗਵਤ ਦਿਆਲ ਸ਼ਰਮਾ ਦੇ ਕਹਿਣ 'ਤੇ ਮੈਂ ਕਾਂਗਰਸ ਵਿੱਚ ਸ਼ਾਮਿਲ ਹੋ ਗਿਆ। ਫਿਰ ਮੈਨੂੰ ਰਾਓ ਵਰਿੰਦਰ ਸਿੰਘ ਮਿਲ ਪਏ ਤੇ ਕਹਿਣ ਲੱਗੇ ਕਿ ਤੂੰ ਸਾਡੇ ਨਾਲ ਆ ਜਾ...ਮੈਨੂੰ ਉਹ ਚੰਡੀਗੜ੍ਹ ਲੈ ਗਏ ਤੇ ਉਥੇ ਪ੍ਰੈਸ ਕਾਨਫ਼ਰੰਸ ਕਰ ਲਈ ਤੇ ਕਹਿਣ ਲੱਗੇ ਕਿ 'ਗਇਆ ਲਾਲ' ਹੁਣ ਆਇਆ ਰਾਮ ਬਣ ਗਿਆ ਹੈ, ਕਿਉਂਕਿ ਉਹ ਸਾਡੇ ਨਾਲ ਆ ਗਿਆ ਹੈ। ਮੈਨੂੰ ਤਾਂ ਲੱਗ ਗਈ ਅੱਗ ... ਕਿ ਮੇਰਾ ਨਾਮ ਤਾਂ ਚੌਧਰੀ ਗਇਆ ਲਾਲ ਸੀ ਤੇ ਰਾਓ ਵਰਿੰਦਰ ਸਿੰਘ ਨੇ ਮੇਰਾ ਨਾਮ ਗਇਆ ਰਾਮ ਕਰ ਦਿੱਤਾ। ਗੁੱਸੇ ਵਿੱਚ ਮੈ ਮੁੜ ਕੇ ਕਾਂਗਰਸ ਵਿੱਚ ਚਲਿਆ ਗਿਆ। 9 ਘੰਟਿਆਂ ਵਿੱਚ ਮੈਂ ਅਜ਼ਾਦ ਤੋਂ ਕਾਂਗਰਸੀ, ਕਾਂਗਰਸ ਵਿਚੋਂ ਸੰਯੁਕਤ ਮੋਰਚੇ ਵਿੱਚ ਤੇ ਮੁੜ ਕੇ ਸੰਯੁਕਤ ਮੋਰਚੇ ਤੋਂ ਕਾਂਗਰਸ ਵਿੱਚ ਆ ਗਿਆ - ਮਤਲਬ ਕਿ ਮੈਂ 9 ਘੰਟਿਆਂ ਵਿੱਚ 3 ਵਾਰ ਪਾਰਟੀ ਬਦਲੀ। ਕਿਸੇ ਨੂੰ ਭਲਾ ਕੀ ਤਕਲੀਫ਼ ਕਿ ਮੈਂ ਕਿੰਨੀ ਵਾਰ ਪਾਰਟੀ ਬਦਲੀ? ਮੇਰੀ ਮਰਜ਼ੀ...ਮੈਨੂੰ ਨਹੀਂ ਚੰਗਾ ਲੱਗਿਆ ਕਿ ਰਾਓ ਵਰਿੰਦਰ ਸਿੰਘ ਨੇ ਮੇਰਾ ਨਾਮ ਬਦਲ ਦਿੱਤਾ ਸੀ। ਲੋਕਾਂ ਨੂੰ ਇਹ ਦਾ ਨਜ਼ਰ ਆਉਂਦਾ ਰਿਹਾ ਕਿ ਮੈਂ ਪਾਰਟੀ ਬਦਲ ਲਈ ਤੇ ਇਹ ਨਜ਼ਰ ਨਹੀਂ ਆਇਆ ਕਿ ਮੇਰੀ ਅਣਖ ਨੂੰ ਕਿੰਨੀ ਸੱਟ ਮਾਰੀ ਗਈ ਸੀ!

ਰਿਸ਼ੀ ਜੀ, ਸਾਲ 1979 ਵਿੱਚ ਚੌਧਰੀ ਭਜਨ ਲਾਲ ਨੇ ਜਨਤਾ ਪਾਰਟੀ ਦੇ 40 ਵਿਧਾਇਕ ਤੋੜ ਕੇ ਕਾਂਗਰਸ ਪਾਰਟੀ ਦੀ ਸਰਕਾਰ ਬਣਾ ਦਿੱਤੀ ਸੀ ਤੇ ਆਪ ਉਹ ਮੁੱਖ ਮੰਤਰੀ ਬਣ ਬੈਠਿਆ ਤੇ ਦੇਵੀ ਲਾਲ ਦੀ ਸਰਕਾਰ ਦਾ ਭੱਠਾ ਬਿਠਾ ਦਿੱਤਾ ਸੀ। 1991 ਵਿੱਚ ਬੰਸੀ ਲਾਲ ਦੇ 4 ਵਿਧਾਇਕ ਕਾਂਗਰਸ ਵਿੱਚ ਚਲੇ ਗਏ। 1999 ਵਿੱਚ ਚੌਧਰੀ ਬੰਸੀ ਲਾਲ ਦੀ ਹਰਿਆਣਾ ਵਿਕਾਸ ਪਾਰਟੀ ਦੇ 22 ਐਮਐਲਏ ਤੋੜ ਕੇ ਓਮ ਪ੍ਰਕਾਸ਼ ਚੌਟਾਲਾ ਨੇ ਇੰਡੀਅਨ ਨੈਸ਼ਨਲ ਲੋਕਦਲ ਦੀ ਆਪਣੀ ਸਰਕਾਰ ਬਣਾ ਲਈ ਸੀ ਤੇ ਆਪ ਮੁੱਖ-ਮੰਤਰੀ ਬਣ ਗਿਆ। 2009 ਵਿੱਚ ਵੀ ਹਰਿਆਣਾ ਜਨਹਿਤ ਕਾਂਗਰਸ ਦੇ ਕਈ ਵਿਧਾਇਕ ਦਲਬਦਲ ਕਰ ਗਏ। ਉਹਨਾਂ ਨੂੰ ਕੋਈ ਨਹੀਂ ਪੁੱਛਦਾ ਤੇ ਗੱਲ ਮੇਰੀ ਹੀ ਕਰਦੇ ਨੇ ਤੇ ਕਰਦੇ ਵੀ 'ਆਇਆ ਰਾਮ - ਗਿਆ ਰਾਮ' ਕਹਿ ਕੇ ਨੇ। ਮੇਰਾ ਨਾਮ ਚੌ. ਗਇਆ ਲਾਲ ਸੀ ਤੇ ਇਹਨਾਂ ਬਦਮਾਸ਼ਾਂ ਨੇ ਗਇਆ ਰਾਮ ਬਣਾ'ਤਾ। ਲਾਹਨਤੀ ਕਿਸੇ ਥਾਂ ਦੇ, ਤੇ ਕਮੀਨੇ ਵੀ।

ਰਿਸ਼ੀ ਬਾਬੂ, ਮੇਰੇ ਕਰਕੇ 'ਆਇਆ ਰਾਮ - ਗਿਆ ਰਾਮ' ਦੀ ਸਿਆਸੀ ਟਰਮ ਬਣਾ ਲਈ ਗਈ। ਮੈਂ ਆਪਣੇ ਜੀਵਨ ਕਾਲ ਦੌਰਾਨ 4 ਵਾਰ ਚੋਣ ਲੜੀ, ਦੋ ਵਾਰ ਅਜ਼ਾਦ ਤੇ ਇਕ ਵਾਰੀ ਆਲ ਇੰਡੀਆ ਆਰੀਆ ਸਭਾ ਤੋਂ ਤੇ ਇਕ ਵਾਰ ਜਨਤਾ ਪਾਰਟੀ ਤੋਂ ; ਦੋ ਵਾਰ ਜਿੱਤਿਆ ਤੇ ਦੋ ਵਾਰ ਹੀ ਹਾਰਿਆ। 1975 ਵਿੱਚ ਹਰਿਆਣਾ ਵਿੱਚ ਦਹੇਜ ਪ੍ਰਥਾ ਖਿਲਾਫ਼ ਮੇਰਾ ਮੋਰਚਾ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ। ਉਹਦੀ ਕੋਈ ਗੱਲ ਨਹੀਂ ਕਰਦਾ। ਮੇਰਾ ਮਨ ਇਸ ਕਰਕੇ ਬਹੁਤ ਭਰਿਆ ਪੀਤਾ ਪਿਆ ਹੈ।

ਨਾਗਰ ਜੀ, ਭਾਰਤ ਦੇ ਕਾਨੂੰਨ ਮੁਤਾਬਕ ਜਦੋਂ ਕੋਈ ਵੀ ਵਿਧਾਇਕ ਜਾਂ ਸੰਸਦ ਮੈਂਬਰ ਪਾਰਟੀ ਬਦਲਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਰੱਦ ਹੋ ਜਾਂਦੀ ਹੈ; ਭਾਵ, ਉਹ ਐਮਐਲਏ ਜਾਂ ਐਮਪੀ ਨਹੀਂ ਰਹਿ ਸਕਦਾ। ਪਰ ਜੇ ਕਿਸੇ ਪਾਰਟੀ ਦੇ ਦੋ ਤਿਹਾਈ ਜਾਂ 66% ਵਿਧਾਇਕ ਜਾਂ ਸੰਸਦ ਕਿਸੇ ਦੂਜੀ ਪਾਰਟੀ ਵਿੱਚ ਜਾਂਦੇ ਹਨ ਤਾਂ ਕੋਈ ਨੁਕਸਾਨ ਨਹੀਂ ਹੁੰਦਾ। ਇਹਨਾਂ ਲੋਟੂ ਤੇ ਲੋਟੇ ਟੋਲਿਆਂ ਨੂੰ ਪੁੱਛੋ ਕੋਈ ਕਿ ਜੇ ਇਕ ਜਣਾ ਪਾਰਟੀ ਬਦਲੇ ਤਾਂ 'ਆਇਆ ਰਾਮ - ਗਿਆ ਰਾਮ' ਬਣ ਜਾਂਦਾ, ਤੇ ਜੇ ਥੋਕ ਵਿੱਚ ਪਾਰਟੀ ਬਦਲਣ ਤਾਂ ਕੋਈ ਨੁਕਸਾਨ ਨਹੀਂ। ਹੈਂ ਨਹੀਂ ਭਾਰਤੀ ਸੰਵਿਧਾਨ ਨਾਲ ਮਜ਼ਾਕ ਇਹ?

ਰਿਸ਼ੀ ਨਾਗਰ ਜੀ, ਹੁਣ ਜਿਹੜੀਆਂ ਚੋਣਾਂ ਚੱਲ ਰਹੀਆਂ ਨੇ, ਉਹਨਾਂ ਵਿੱਚ ਇਹ ਲੋਟੇ, ਥਾਲੀ ਦੇ ਬਤਾਊਂ - ਤੁਹਾਨੂੰ ਨਜ਼ਰ ਨਹੀਂ ਆ ਰਹੇ? ਕਾਂਗਰਸ ਦਾ ਰਾਸ਼ਟਰੀ ਸਪੋਕਸਪਰਸਨ ਗੌਰਵ ਵੱਲਭ, ਹਰਿਆਣੇ ਤੋਂ ਬੌਕਸਰ ਵਿਜੇਂਦਰ ਸਿੰਘ, ਨਵੀਨ ਜਿੰਦਲ, ਸਵਿਤਰੀ ਜਿੰਦਲ, ਅਸ਼ੋਕ ਤੰਵਰ, ਪੰਜਾਬ ਤੋਂ ਮਹਾਰਾਣੀ ਪ੍ਰਨੀਤ ਕੌਰ, ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਰਵਨੀਤ ਬਿੱਟੂ, ਯੂਪੀ ਤੋਂ ਲਾਲ ਬਹਾਦਰ ਸ਼ਾਸਤਰੀ ਦਾ ਪੋਤਾ ਵਿਭਾਕਰ ਸ਼ਾਸਤਰੀ, ਜਿਤਿਨ ਪ੍ਰਸਾਦ, ਮੱਧ ਪ੍ਰਦੇਸ਼ ਤੋਂ ਜਿਓਤਿਰਾਦਿਤਿਆ ਸਿੰਧੀਆ, ਮਹਾਰਾਸ਼ਟਰ ਤੋਂ ਮਿਲਿੰਦ ਦਿਓੜਾ ਨੇ ਪਾਰਟੀਆਂ ਬਦਲੀਆਂ ਪਰ ਹੋਈ ਕਿਸੇ ਦੀ ਚਰਚਾ ਭਲਾ। ਜਦੋਂ ਮੈਂ ਪਾਰਟੀ ਬਦਲੀ ਤਾਂ ਉਸ ਸਮੇਂ ਹਰ ਰਾਸ਼ਟਰੀ ਅਖ਼ਬਾਰ ਦੇ ਪਹਿਲੇ ਸਫੇ 'ਤੇ ਰੱਜ-ਰੱਜ ਕੇ ਮੇਰੀ ਬੇਜ਼ਤੀ ਕੀਤੀ ਗਈ ਤੇ 'ਆਇਆ ਰਾਮ-ਗਿਆ ਰਾਮ' ਬਣਾ ਦਿੱਤਾ ਗਿਆ। ਹੁਣ ਇਹਨਾਂ ਸੱਜਰ ਸੂਇਆਂ ਨੂੰ ਫੁੱਲ ਦਿੰਦਿਆਂ ਦੀ ਫੋਟ ਲਾਉਂਦੇ ਨੇ।

ਮੋਦੀ ਸਾਹਬ ਵਾਲੀ ਭਾਰਤੀ ਜਨਤਾ ਪਾਰਟੀ ਨੇ ਅਰੁਣਾਚਲ ਪ੍ਰਦੇਸ਼, ਗੋਆ, ਮਨੀਪੁਰ, ਕਰਨਾਟਕਾ, ਮੱਧਪ੍ਰਦੇਸ਼ ਦੀਆਂ ਸਰਕਾਰਾਂ ਕਿਵੇਂ ਹੇਠ-ਉੱਤੇ ਕੀਤੀਆਂ, ਇਹ ਕਿਸੇ ਤੋਂ ਲੁਕਿਆ ਹੋਇਐ ਭਲਾ? ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ ਮਾਮਲਾ ਤਾਂ ਅਜੇ ਬਹੁਤਾ ਈ ਤਾਜ਼ਾ ਐ। ਕਰਦਾ ਕੋਈ ਉਹਨਾਂ ਦੀ ਗੱਲ? ਸਭ 'ਆਇਆ ਰਾਮ - ਗਿਆ ਰਾਮ' ਕਹਿ ਕੇ ਮੈਨੂੰ ਈ ਨਿੰਦੀ ਜਾਂਦੇ ਐ।

ਤੁਹਾਡੇ ਆਪਣੇ ਸੂਬੇ ਦਾ ਹੀ ਹਾਲ ਦੇਖ ਲਵੋ। ਜਲੰਧਰ ਲੋਕਸਭਾ ਤੋਂ ਕਾਂਗਰਸ ਤੋਂ ਆ ਕੇ ਮਹਿੰਦਰ ਸਿੰਘ ਕੇਪੀ ਅਕਾਲੀ ਦਲ ਦਾ ਉਮੀਦਵਾਰ ਬਣ ਗਿਆ ਹੈ, ਅਕਾਲੀ ਦਲ ਵਿੱਚੋਂ ਆਇਆ ਪਵਨ ਟੀਨੂੰ ਆਮ ਆਦਮੀ ਪਾਰਟੀ ਦਾ ਉਮੀਦਵਾਰ ਐ, ਆਮ ਆਦਮੀ ਪਾਰਟੀ ਤੋਂ ਆਇਆ ਸੁਸ਼ੀਲ ਰਿੰਕੂ ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਐ...ਲੋਕਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਹ ਉਮੀਦਵਾਰ ਨੂੰ ਵੋਟ ਪਾਉਣ ਕਿ ਪਾਰਟੀ ਨੂੰ? ਜੇ ਉਮੀਦਵਾਰ ਲੋਟਾ ਹੈ ਤਾਂ ਪਾਰਟੀ ਥਾਲੀ ਦਾ ਬਤਾਊਂ ਬਣੀ ਫਿਰਦੀ ਐ...ਕਿਹੜੀ ਦੁੱਧ-ਧੋਤੀ ਐ ਪਾਰਟੀ ਜਿਹੜੀ ਕਿ ਦੂਜਿਆਂ ਦੀ ਰਹਿੰਦ-ਖੂੰਹਦ ਨੂੰ ਲੋਕਾਂ ਦਾ ਆਗੂ ਬਣਾਉਣ ਤੁਰੀ ਹੋਈ ਐ? ਚੌ. ਸੰਤੋਖ ਸਿੰਘ ਦੇ ਟੱਬਰ ਨੇ ਜਿਹੜੀ ਕੜ੍ਹੀ ਘੋਲੀ ਐ, ਉਹਦਾ ਕੋਈ ਮੁਕਾਬਲਾ ਹੈ ਭਲਾ? ਜਿਹੜੀ ਮਰਜ਼ੀ ਲੋਕਸਭਾ ਸੀਟ ਦਾ ਨਾਮ ਲਓ...ਸਾਰੇ ਉਮੀਦਵਾਰਾਂ ਦੇ ਕੱਪੜੇ ਲੱਥੇ ਹੋਏ ਨੇ ਤੇ ਸਾਰੀਆਂ ਪਾਰਟੀਆਂ ਨੰਗ-ਧੜੰਗ ਨੇ।

ਰਿਸ਼ੀ ਨਾਗਰ ਬਾਬੂ, ਤੁਹਾਡੇ ਸੂਬੇ ਦੀ ਹੁਣ ਦੀ ਪ੍ਰੀਮੀਅਰ ਆਪਣੇ 8 ਸਾਥੀਆਂ ਸਮੇਤ ਆਪਣੀ ਪਾਰਟੀ ਦਾ ਭੋਗ ਪਾਉਣ ਦੀ ਨੀਅਤ ਨਾਲ ਦੂਜੀ ਪਾਰਟੀ ਵਿੱਚ ਸ਼ਾਮਿਲ ਹੋ ਗਈ ਸੀ, ਕੀਤੀ ਕਿਸੇ ਨੇ ਕੋਈ ਗੱਲ? ਇਹ ਗੱਲ ਵੱਖਰੀ ਐ ਕਿ ਉਸ ਵੇਲੇ ਉਹ ਆਪਣੀ ਨੌਮਿਨੇਸ਼ਨ ਵੀ ਹਾਰ ਗਈ ਸੀ ਤੇ ਅੱਜ ਦੇਖ ਲਓ, ਉਹ ਸੂਬੇ ਦੀ ਪ੍ਰੀਮੀਅਰ ਬਣੀ ਹੋਈ ਹੈ...ਲੋਕਾਂ ਨੇ ਕਿੰਨਾ ਕੁ ਚੇਤੇ ਰੱਖਿਆ ਉਸ ਦਾ 'ਆਇਆ ਰਾਮ-ਗਿਆ ਰਾਮ'? ਏਅਰਡਰੀ ਤੋਂ ਰੌਬ ਐਂਡਰਸਨ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਵਿਧਾਇਕ ਰਿਹਾ ਮਗਰੋਂ ਵਾਇਲਡਰੋਜ਼ ਪਾਰਟੀ ਵਿੱਚ ਜਾ ਵੜਿਆ ਤੇ ਦੂਜੀ ਵਾਰ ਮੁੜ ਖੋਤੀ ਬੋਹੜ ਥੱਲੇ ... ਮਤਲਬ ਪਹਿਲੀ ਪਾਰਟੀ ਚ ਈ ਮੁੜ ਆਇਆ। ਕੈਲਗਰੀ ਫਿਸ਼ ਕ੍ਰੀਕ ਤੋਂ ਵਿਧਾਇਕ ਰਹੀ ਬੀਬੀ ਹੈਦਰ ਫੋਰਸਾਇਦ 1993 ਤੋਂ 2010 ਤੱਕ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਰਹੀ, ਅਗਲੇ ਪੰਜ ਸਾਲ ਵਾਇਲਡ ਰੋਜ਼ ਵਿੱਚ ਕੱਟੇ ਤੇ ਮੁੜ ਕੇ ਖੋਤਾ ਬੋਹੜ ਥੱਲੇ ਫਿਰ ਲਿਆ ਬੰਨ੍ਹਿਆ...ਫਿਰ ਪਹਿਲੀ ਪਾਰਟੀ ਵਿੱਚ। ਯਾਰ ਇਹਨਾਂ ਨੇ ਵੀ ਦੋ ਦੋ ਤਿੰਨ ਤਿੰਨ ਵਾਰ ਪਾਰਟੀਆਂ ਬਦਲੀਆਂ...ਕੋਈ ਚੂੰ ਵੀ ਨਹੀਂ ਕਰਦਾ ਤੇ ਮੇਰੇ ਇਕ ਦਿਨ ਵਿੱਚ 3 ਵਾਰ ਦਲ ਬਦਲੀ ਕਰਨ 'ਤੇ 'ਆਇਆ ਰਾਮ - ਗਿਆ ਰਾਮ' ਬਣਾ'ਤਾ..ਯਾਰ! ਤੁਹਾਡੇ ਸ਼ਹਿਰ ਦੀ ਸੈਂਡਰਾ ਜੌਨਸੈਨ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਐਮਐਲਏ ਸੀ ਤੇ ਐਨਡੀਪੀ ਵਿੱਚ ਜਾ ਵੜੀ ਤੇ ਮੰਤਰੀ ਵੀ ਬਣ ਬੈਠੀ ਸੀ। ਕਿਸੇ ਨੂੰ ਯਾਦ ਵੀ ਨਹੀਂ ਹੋਣਾ। 2018 ਵਿੱਚ ਕਿਉਬੈਕ ਦੇ 7 ਐਮਪੀ ਬਲੌਕ ਕਿਉਬੈਕਵਾ ਨੂੰ ਦਗ਼ਾ ਦੇ ਕੇ ਅਜ਼ਾਦ ਹੋ ਗਏ, ਦੋ ਵਾਪਸ ਮੁੜ ਗਏ, ਬਾਕੀ ਪੰਜਾਂ ਨੇ ਆਪਣੀ ਪਾਰਟੀ ਬਣਾ ਲਈ, ਤੇ ਪੰਜ ਸੱਤ ਮਹੀਨਿਆਂ ਮਗਰੋਂ ਮੁੜ ਕੇ ਆਪਣੀ ਪਹਿਲੀ ਪਾਰਟੀ ਵਿੱਚ ਜਾ ਵੜੇ! ਪਤਾ ਵੀ ਐ ਤੁਹਾਡੇ ਵਿਚੋਂ ਕਿਸੇ ਨੂੰ? ਕਿਹਾ ਕਿਸੇ ਨੇ ਇਹਨਾਂ ਨੂੰ 'ਆਇਆ ਰਾਮ - ਗਿਆ ਰਾਮ'?

ਰਿਸ਼ੀ ਰਾਜ ਜੀ, ਮੈਨੂੰ ਤਾਂ ਤੁਹਾਡੀ ਸ਼ਬਦਾਵਲੀ ਵੀ ਸਮਝ ਨਹੀਂ ਆਉਂਦੀ? ਮਾਂ ਪਾਰਟੀ...ਇਹ ਕਿਹੜੀ ਹੁੰਦੀ ਐ ਭਲਾ? ਤੁਹਾਡੀ ਮਾਂ ਕਦੀ ਕਿਸੇ ਪਾਰਟੀ ਵਿੱਚ ਰਹੀ ਹੋਵੇ ਤਾਂ ਤੁਸੀਂ ਕਹਿ ਸਕਦੇ ਓ ਕਿ ਇਹ ਭਾਈ ਸਾਡੀ ਮਾਂ ਪਾਰਟੀ ਐ...ਤੁਹਾਡੀ ਪਾਰਟੀ ਮਾਂ ਪਾਰਟੀ ਕਿਵੇਂ ਹੋਈ? ਇਕ ਹੋਰ ਗੱਲ ਤੇ ਵੀ ਮੈਨੂੰ ਬਹੁਤ ਹਾਸਾ ਆਉਂਦਾ ਹੁੰਦਾ...ਮੈਂ ਤੁਹਾਡੇ ਮੁੱਖ-ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨਾਲ ਪਿਛਲੇ ਹਫ਼ਤੇ ਹੀ ਗੱਲ ਕਰ ਰਿਹਾ ਸੀ। ਉਹ ਵੀ ਖਚਰਾ ਜਿਹਾ ਹਾਸਾ ਹੱਸ ਰਹੇ ਸਨ। ਉਹਨਾਂ ਨੇ ਮੈਨੂੰ ਦੱਸਿਆ ਕਿ ਪ੍ਰਤਾਪ ਸਿੰਘ ਕੈਰੋਂ ਕਹਿੰਦੇ, ਯਾਰ ਬਾਦਲ! ਆਂਪਾਂ ਕਦੀ ਬੋਲੇ ਨਹੀਂ ਪਰ ਕਬੱਡੀ ਨੂੰ ਮਾਂ ਖੇਡ ਕਿਹਨੇ ਬਣਾ ਦਿੱਤਾ? ਬਾਦਲ ਹੁਰੀਂ ਕਹਿਣ ਲੱਗੇ ਉਹਨਾਂ ਦੇ ਮੁੱਖ ਮੰਤਰੀ ਕਾਲ ਵੇਲੇ ਇਹ ਟਰਮ ਵਰਤੀ ਜਾਣ ਲੱਗੀ ਸੀ ਤੇ ਉਸ ਤੋਂ ਪਹਿਲਾਂ ਕਦੀ ਕਿਸੇ ਨੇ ਨਹੀਂ ਸੀ ਕਿਹਾ ਮਾਂ ਖੇਡ ਕੱਬਡੀ। ਕੈਰੋਂ ਹੁਰੀਂ ਹੱਸ ਕੇ ਕਹਿੰਦੇ, ਮੈਨੂੰ ਨਹੀਂ ਲੱਗਦਾ ਕਦੀ ਕਿਸੇ ਦੀ ਮਾਂ ਕਬੱਡੀ ਖੇਡਦੀ ਰਹੀ ਹੋਵੇ ਤੇ ਉਸ ਨੇ ਆਪਣੇ ਪੁੱਤਰ ਨੂੰ ਇਸੇ ਗੇਮ ਵਿੱਚ ਲਾਇਆ ਹੋਵੇ। ਪੰਜਾਬੀਆਂ ਨੂੰ ਵੈਸੇ ਹੀ ਆਦਤ ਐ ਹਰ ਗੱਲ ਆਪਣੀ ਮਾਂ ਦੇ ਗੱਲ ਪਾ ਦਿੰਦੇ ਐ। ਮੈਂ ਕਿਹਾ ਤੁਸੀਂ ਰੋਈ ਜਾਵੋ ਮਾਂ ਖੇਡ ਜਾਂ ਮਾਂ ਪਾਰਟੀ ਨੂੰ...ਮੇਰ ਪਿੱਛਾ ਛੁਡਾਵੋ 'ਆਇਆ ਰਾਮ - ਗਿਆ ਰਾਮ' ਤੋਂ। ਆਪਣੀ ਪੀੜ੍ਹੀ ਹੇਠ ਸੋਟਾ ਫੇਰੋ ਤੇ ਦੇਖੋ ਕਿਤੇ ਤੁਸੀਂ ਵੀ 'ਆਇਆ ਰਾਮ - ਗਿਆ ਰਾਮ' ਤਾਂ ਨਹੀਂ!

ਚੰਗਾ, ਰਿਸ਼ੀ ਜੀ, ਫੇਰ ਸਹੀ ਕਦੀ!

ਤੁਹਾਡਾ,
ਗਇਆ ਲਾਲ!

## ਕਾਰਾਂ ਚੋਰੀ ਕਰਨ ਵਾਲਿਆਂ ਉੱਪਰ ਹੁਣ ਸਿਕੰਜਾ ਕਸਿਆ ਜਾਣ ਲੱਗਾ ਹੈ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਪਬਲਿਕ ਸੇਫਟੀ ਮੰਤਰੀ ਡੋਮਿਨਿਕ ਲੇਬਲੈਂਕ ਅਤੇ ਨਿਆਂ ਮੰਤਰੀ ਆਰਿਫ ਵਿਰਾਨੀ ਨੇ ਫੈਡਰਲ ਸਰਕਾਰ ਵੱਲੋਂ ਆਟੋ ਚੋਰੀ ਨੂੰ ਰੋਕਣ ਵਿੱਚ ਮੱਦਦ ਕਰਨ ਲਈ ਇੱਕ ਨੈਸ਼ਨਲ ਐਕਸ਼ਨ ਪਲਾਨ ਦਾ ਐਲਾਨ ਕੀਤਾ ਹੈ। ਇਸ ਯੋਜਨਾ ਵਿੱਚ ਕਾਨੂੰਨੀ ਅਤੇ ਰੈਗੂਲੇਟਰੀ ਤਬਦੀਲੀਆਂ ਸ਼ਾਮਲ ਹਨ, ਜਿਸ ਵਿੱਚ ਛਰਿਮਿਨਅਲ ਛੋਦਏ ਵਿੱਚ ਪ੍ਰਸਤਾਵਿਤ ਸੋਧਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਤਹਿਤ ਹਿੰਸਾਤਮਕ ਢੰਗ ਨਾਲ ਗੱਡੀਆਂ ਖੋਹਣ ਲਈ ਸਖ਼ਤ ਸਜ਼ਾਵਾਂ ਤੋਂ ਇਲਾਵਾ ਸੰਗਠਿਤ ਅਪਰਾਧ ਅਤੇ ਮਨੀ ਲਾਂਡਰਿੰਗ ਦੇ ਨਾਲ-ਨਾਲ ਆਟੋ ਚੋਰੀ ਲਈ ਵਰਤੀਆਂ ਡਿਵਾਈਸਾਂ ਰੱਖਣ ਨੂੰ ਵੀ ਸਖ਼ਤ ਜ਼ੁਰਮਾਨੇ ਦੀ ਸੂਚੀ ਵਿੱਚ ਲਿਆਉਣਾ ਸ਼ਾਮਲ ਹੈ। ਇਸ ਯੋਜਨਾ ਤਹਿਤ ਮਿਉਂਸਪਲ, ਸੂਬਾਈ, ਫ਼ੈਡਰਲ ਅਤੇ ਅੰਤਰਰਾਸ਼ਟਰੀ ਪੁਲਿਸ ਅਤੇ ਕਸਟਮ ਅਧਿਕਾਰੀਆਂ ਵਿੱਚਕਾਰ ਖੁਫੀਆ ਜਾਣਕਾਰੀ ਸਾਂਝੀ ਕਰਨ ਦੇ ਸੁਧਾਰ ਵੀ ਸ਼ਾਮਲ ਹਨ। ਇਸ ਤੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA)ਦੀ ਸਮਰੱਥਾ ਵਧਾਕੇ ਹੋਰ ਜ਼ਿਆਦਾ ਸ਼ਿਪਿੰਗ ਕੰਟੇਨਰਾਂ ਦੀ ਜਾਂਚ ਕਰਨ ਦੇ ਯੋਗ ਬਣਾਉਣਾ ਸ਼ਾਮਿਲ ਹੈ।









# ਸਾਕਾ ਵੱਲੋਂ ਵਿਸਾਖੀ ਦਾ ਦਿਹਾੜਾ ਖਾਲਸਾ ਪੰਥ ਨੂੰ ਸਮਰਪਿਤ ਰੱਖ ਕੇ ਮਨਾਇਆ ਗਿਆ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਬੀਤੀ 5 ਮਈ 2024 ਨੂੰ ਸਾਊਥ ਏਸ਼ੀਆ ਕਨੇਡੀਅਨ ਕੈਲਗਰੀ ਐਸੋਸੀਏਸ਼ਨ ਨੇ ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਐਗਜੈਕਟਿਵ ਮੈਂਬਰਾਂ ਦੇ ਸਹਿਯੋਗ ਨਾਲ ਟੈਂਪਲ ਕਮਿਊਨਿਟੀ ਹਾਲ ਵਿੱਚ ਬੜੀ ਧੂਮ ਧਾਮ ਨਾਲ ਵਿਸਾਖੀ ਦਾ ਦਿਨ ਮਨਾਇਆ। ਕਨੇਡਾ ਅਤੇ ਭਾਰਤੀ ਰਾਸ਼ਟਰੀ ਗੀਤ, ਧਾਰਮਿਕ ਸ਼ਬਦ ਦੇ ਸ਼ਿਵਾ ਵਰ ਮੋਹੇ ਦੇ ਗਾਣ ਨਾਲ ਸ਼ੁਰੂਆਤ ਕੀਤੀ ਗਈ । ਹਰਦੀਪ ਸਿੰਘ ਸਿੱਧੂ ਨੇ ਸਾਰੇ ਮੈਂਬਰਾਂ ਅਤੇ ਆਏ ਹੋਏ ਸਰੋਤਿਆਂ ਨੂੰ ਜੀ ਆਇਆ ਨੂੰ ਆਖਿਆ ਅਤੇ ਖਾਲਸੇ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਮਹਿੰਦਰ ਸਿੰਘ ਦਿ?ਲ ਨੇ ਸਿੰਘ ਅਤੇ ਕੌਰ ਦੀ ਵਿਲੱਖਣਤਾ ਬਾਰੇ ਬੋਲਦਿਆਂ ਕਿਹਾ ਕਿ ਨਾਵਾਂ ਦੇ ਮਗਰੋਂ ਸਿੰਘ ਤੇ ਕੌਰ ਨਹੀਂ ਕਟਵਾਉਣੀ ਚਾਹੀਦੇ ਕਿਉਂਕਿ ਇਹ ਸਰਦਾਰ ਅਤੇ ਸਰਦਾਰਨੀ ਦੀ ਪਹਿਚਾਣ ਦਾ ਚਿੰਨ ਹੈ। ਰਿਸ਼ੀ ਨਾਗਰ, ਜਰਨੈਲ ਤੱਗੜ, ਜਸਵੰਤ ਸਿੰਘ, ਗੁਰਚਰਨ ਕੌਰ ਥਿੰਦ, ਗੁਰਨਾਮ ਕੌਰ, ਸੰਤ ਸਿੰਘ ਧਾਲੀਵਾਲ, ਦਰਸ਼ਨ ਸਿੰਘ ਧਾਲੀਵਾਲ ਨੇ ਵਿਸਾਖੀ ਅਤੇ ਖਾਲਸੇ ਦੇ ਜਨਮ ਦਿਹਾੜੇ ਬਾਰੇ ਚਾਨਣਾ ਪਾਇਆ। ਜੋਗਾ ਸਿੰਘ, ਜਸਵੰਤ ਸੇਖੋ,ਸੁਰਿੰਦਰ ਕੌਰ ਕੈਂਥ, ਗੁਰਦੀਸ਼ ਕੌਰ ਗਰੇਵਾਲ, ਜਗਦੀਸ਼ ਕੌਰ ਸਰੋਆ, ਸਰਬਜੀਤ ਕੌਰ ਉੱਪਲ, ਹੋਰਾਂ ਨੇ ਖਾਲਸੇ ਦੀਆਂ ਕੁਰਬਾਨੀਆਂ ਨੂੰ ਸੁਰੀਲੀਆਂ ਆਵਾਜ਼ਾਂ ਵਿੱਚ ਗਾ ਕੇ ਸੁਣਾਇਆ । ਕੌਂਸਲਰ ਰਾਜ ਧਾਲੀਵਾਰ, ਗੁਰਿੰਦਰ ਬਰਾੜ ਐਮ ਐਲ ਏ ਇਰਫਾਨ ਸਬੀਰ ਐਮ ਐਲ ਏ ਨੇ ਸਰੋਤਿਆਂ ਨਾਲ ਵਿਚਾਰ ਸਾਂਝੇ ਕਰਦਿਆਂ ਖਾਲਸੇ ਦੇ ਸਾਜਨਾ ਦਿਵਸ ਅਤੇ ਜਲਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਵਾਉਂਦੇ ਹੋਏ ਸੋਸਾਇਟੀਆਂ ਦੀ ਰੋਜ਼ਾਨਾ ਜੀਵਨ ਵਿੱਚ ਮਹੱਤਤਾ ਬਾਰੇ ਦੱਸਿਆ। ਸੁਰਿੰਦਰ ਕੌਰ ਧੰਜੂ ਅਤੇ ਜਸਵਿੰਦਰ ਕੌਰ ਬਰਾੜ ਨੇ ਮਰਦਮ ਸੁਮਾਰੀ ਬਾਰੇ ਨਾਟਕ ਰਾਹੀਂ ਅੱਜ ਤੋਂ 65-70 ਸਾਲ ਪਹਿਲਾਂ ਸਮੇਂ ਦੀਆਂ ਔਰਤਾਂ ਦੀਆਂ ਗੱਲਾਂ ਦੇ ਬੋਲਚਾਲ ਦਾ ਵਰਣਨ ਕੀਤਾ। ਨਿਮਰਤ ਕੌਰ ਗਰੇਵਾਲ ਨੇ ਸੰਗੀਤ ਤੇ ਡਾਂਸ ਕੀਤਾ। ਸੁਖਵਿੰਦਰ ਸਿੰਘ ਤੂਰ ਨੇ ਆਪਣਾ ਪੰਜਾਬ ਹੋਵੇ ਹੱਥ ਚ ਕਿਤਾਬ ਹੋਵੇ ਖਾਣ ਪੀਣ ਚੰਗਾ ਹੋਵੇ ਗੀਤ ਸੁਣਾਇਆ। ਗੁਰਤੇਜ ਕੌਰ ਸਿੱਧੂ ਦੀ ਸੀਨੀਅਰ ਮੁਟਿਆਰਾਂ ਦੀ ਟੀਮ ਨੇ ਖੂਬ ਰੰਗ ਬੰਨਿਆ। ਇਸ ਸਮਾਗਮ ਲਈ ਰਵੀ ਜਨਾਗਲ ਨੇ ਸਾਊਂਡ ਦਾ ਪ੍ਰਬੰਧ ਬੜੇ ਵਧੀਆ ਢੰਗ ਨਾਲ ਕੀਤਾ ਹੋਇਆ ਸੀ। ਸਟੇਜ ਦਾ ਸੁਚੱਜਾ ਸੰਚਾਲਨ ਗੁਰਮੇਲ ਸਿੰਘ ਸੰਧੂ ਨੇ ਕੀਤਾ।

# ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਆਪਣੇ ਸਮਾਗਮ ਦੌਰਾਨ ਬਹੁਤ ਸਾਰੇ ਕੈਲਗਰੀ ਵਾਸੀਆਂ ਨੂੰ ਸਨਮਾਨਿਤ ਕੀਤਾ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਇੰਡੋ ਕਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਕੈਲਗਰੀ ਦੇ ਸਾਲਾਨਾ ਸਮਾਗਮ ਦੀ ਸ਼ੁਰੂਆਤ ਮੌਕੇ ਸੈਕਟਰੀ ਅਮਰੀਕ ਸਿੰਘ ਨੇ ਸਭ ਨੂੰ ਜੀ ਆਇਆ ਆਖਦਿਆਂ ਮੰਚ ਸੰਚਾਲਨ ਦੀ ਜਿੰਮੇਵਾਰੀ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੂੰ ਸੰਭਾਲਣ ਲਈ ਸੱਦਾ ਦਿੱਤਾ। ਇਸ ਮੌਕੇ ਸੇਵਾ ਸਿੰਘ ਪ੍ਰੇਮੀ ਨੇ ਕਿਹਾ ਕਿ ਅਪ੍ਰੈਲ ਦਾ ਮਹੀਨਾ ਬਹੁਤ ਹੀ ਮਹੱਤਵਪੂਰਨ ਹੈ, ਕਿਉਂਕਿ ਇਸ ਮਹੀਨੇ ਦੌਰਾਨ ਬਹੁਤ ਸਾਰੇ ਧਾਰਮਿਕ ਅਤੇ ਸੱਭਿਆਚਾਰਕ ਤਿਓਹਾਰ ਮਨਾਏ ਜਾਂਦੇ ਹਨ। ਜਿਨਾਂ ਵਿੱਚ ਵਿਸਾਖੀ ਦਾ ਦਿਹਾੜਾ ਵੀ ਸ਼ਾਮਿਲ ਹੈ। ਪ੍ਰੋਗਰਾਮ ਦੀ ਸ਼ੁਰੂਆਤ ਓ ਕਨੇਡਾ ਅਤੇ ਭਾਰਤੀ ਰਾਸ਼ਟਰੀ ਗੀਤ ਜਨ ਗਣ ਮਨ ਦੇ ਨਾਲ ਕੀਤੀ ਗਈ। ਕੈਲਗਰੀ ਵਸਦੇ ਹੋਰ ਵੱਖੋ ਵੱਖ ਭਾਈਚਾਰੇ ਜਿਹਨਾਂ ਵਿੱਚ ਨੇਪਾਲੀ, ਬੰਗਾਲੀ, ਚਾਈਨੀਜ ਅਤੇ ਹੋਰ ਭਾਈਚਾਰਿਆਂ ਦੇ ਕਲਾਕਾਰਾਂ ਨੇ ਮੰਚ ਉੱਪਰ ਆਪੋ ਆਪਣੇ ਸੱਭਿਆਚਾਰਕ ਡਾਂਸ ਪੇਸ਼ ਕੀਤੇ। ਇਸ ਮੌਕੇ ਕੈਲਗਰੀ ਦੀ ਪੰਜਾਬੀ ਮੂਲ ਦੀ ਮੇਅਰ ਜੋਤੀ ਗੋਂਡਿਕ, ਕਨੇਡੀਅਨ ਸਿੱਖਾਂ ਉੱਪਰ ਰਿਸਰਚ ਕਰ ਰਹੇ ਡਾਕਟਰ ਮਾਈਕਲ ਹੋਲੀ ਅਤੇ ਕੈਪਟਨ ਚਰਨਕਮਲ ਸਿੰਘ ਦੂਲਟ ਨੂੰ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਗੁਰਮੀਤ ਕੌਰ ਸਰਪਾਲ ਵੱਲੋਂ ਖਾਲਸਾ ਪੰਥ ਨੂੰ ਸਮਰਪਿਤ ਪੇਸ਼ਕਾਰੀ ਨੇ ਸਭ ਦਾ ਦਿਲ ਜਿੱਤਿਆ। ਪ੍ਰੋਗਰਾਮ ਦੇ ਅਖੀਰ ਵਿੱਚ ਜਸਪ੍ਰੀਆ ਜੌਹਲ ਦੀ ਟੀਮ ਵੱਲੋਂ ਬੱਚੀਆਂ ਦੇ ਗਿੱਧੇ ਨੇ ਪ੍ਰੋਗਰਾਮ ਨੂੰ ਸਿਖਰਾਂ ਉੱਪਰ ਪਹੁੰਚਾ ਦਿੱਤਾ।
















## ਅਮਰੀਕਾ 'ਚ ਡੇਢ ਮਿਲੀਅਨ ਡਾਲਰ ਦੀ ਧੋਖਾਧੜੀ ਮਾਮਲੇ 'ਚ ਗੁਜਰਾਤੀ ਮੂਲ ਦੀ ਔਰਤ ਗ੍ਰਿਫ਼ਤਾਰ ਕੀਤੀ

ਅਮਰੀਕਾ (ਪੰਜਾਬੀ ਅਖ਼ਬਾਰ ਬਿਊਰੋ) ਲੰਘੇ ਦਿਨੀ ਅਮਰੀਕਾ ਦੇ ਫਲੋਰੀਡਾ ਸੂਬੇ 'ਚ ਡੇਢ ਮਿਲੀਅਨ ਡਾਲਰ ਦੀ ਧੋਖਾਧੜੀ ਦੇ ਮਾਮਲੇ 'ਚ ਸ਼ਵੇਤਾ ਪਟੇਲ ਨਾਂ ਦੀ 42 ਸਾਲਾ ਇੱਕ ਗੁਜਰਾਤੀ ਔਰਤ ਨੂੰ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਫਲੋਰੀਡਾ ਰਾਜ ਦੇ ਬ੍ਰੈਡੈਂਟਨ ਪੁਲਿਸ ਵਿਭਾਗ ਦਾ ਮੰਨਣਾ ਹੈ ਕਿ ਇਸ ਧੋਖਾਧੜੀ 'ਚ ਕਈ ਹੋਰ ਲੋਕ ਸ਼ਾਮਲ ਹੋ ਸਕਦੇ ਹਨ। ਪੁਲਿਸ ਨੂੰ ਅਪ੍ਰੈਲ 'ਚ ਇੱਕ 80 ਸਾਲਾ ਅਮਰੀਕੀ ਵਿਅਕਤੀ ਨਾਲ 1.15 ਮਿਲੀਅਨ ਡਾਲਰ ਦੀ ਧੋਖਾਧੜੀ ਦੀ ਸ਼ਿਕਾਇਤ ਮਿਲੀ ਸੀ, ਪੁਲਿਸ ਜਾਂਚ ਵਿੱਚ ਸਾਹਮਣੇ ਆਏ ਵੇਰਵਿਆਂ ਅਨੁਸਾਰ ਬਜ਼ੁਰਗ ਵਿਅਕਤੀ ਨਾਲ ਧੋਖਾਧੜੀ ਫਰਵਰੀ 2024 'ਚ ਸ਼ੁਰੂ ਹੋਈ ਸੀ, ਜਿਸ 'ਚ ਕਥਿਤ ਤੌਰ 'ਤੇ ਉਸ ਤੋਂ ਪੰਦਰਾਂ ਲੱਖ ਡਾਲਰ ਦੀ ਲੁੱਟ ਕਰਨ ਵਾਲੇ ਇੱਕ ਠੱਗ ਗਿਰੋਹ ਵਿੱਚ ਸ਼ਾਮਲ ਦੋ ਵਿਅਕਤੀ ਪਹਿਲਾਂ ਪੀੜਤ ਦੇ ਘਰ ਪਹੁੰਚੇ, ਜਿੱਥੇ ਬਜ਼ੁਰਗ ਵਿਅਕਤੀ ਨੂੰ ਡਰਾ ਧਮਕਾ ਕੇ ਉਸ ਤੋਂ 15 ਲੱਖ ਡਾਲਰ ਦੀ ਠੱਗੀ ਮਾਰੀ। ਇਸ ਸਬੰਧੀ ਜਾਰਜੀਆ ਦੀ ਰਹਿਣ ਵਾਲੀ ਸ਼ਵੇਤਾ ਪਟੇਲ ਨੇ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਨੂੰ ਦੱਸਿਆ ਹੈ ਕਿ ਇਸ ਮਾਮਲੇ 'ਚ ਉਸ ਦਾ ਕੰਮ ਸਿਰਫ਼ ਬੈਗ ਚੁੱਕਣਾ ਸੀ ਅਤੇ ਕਿੰਗ ਨਾਂ ਦਾ ਵਿਅਕਤੀ ਉਸ ਨੂੰ ਇਸ ਕੰਮ ਲਈ ਨਿਰਦੇਸ਼ ਦੇ ਰਿਹਾ ਸੀ। ਸ਼ਵੇਤਾ ਪਟੇਲ ਨੇ ਇਹ ਵੀ ਕਬੂਲ ਕੀਤਾ ਕਿ ਉਸ ਨੇ ਕੁਝ ਦਿਨ ਪਹਿਲਾਂ ਨਾਰਥ ਕੈਰੋਲੀਨਾ ਦੇ ਇੱਕ ਬਜ਼ੁਰਗ ਵਿਅਕਤੀ ਤੋਂ 25 ਹਜ਼ਾਰ ਡਾਲਰ ਦੀ ਠੱਗੀ ਮਾਰੀ ਹੈ। ਇਸ ਮਾਮਲੇ 'ਚ ਪੁਲਿਸ ਨੇ ਹੁਣ ਤੱਕ ਗ੍ਰਿਫ਼ਤਾਰ ਇਕਲੌਤੀ ਦੋਸ਼ੀ ਸ਼ਵੇਤਾ ਪਟੇਲ 'ਤੇ 1 ਲੱਖ ਡਾਲਰ ਤੋਂ ਜ਼ਿਆਦਾ ਦੀ ਚੋਰੀ ਦਾ ਦੋਸ਼ ਲਗਾਇਆ ਹੈ। ਸ਼ਵੇਤਾ ਪਟੇਲ ਖ਼ਿਲਾਫ਼ ਦੋਸ਼ ਪਹਿਲੀ ਡਿਗਰੀ ਦਾ ਅਪਰਾਧ ਹੈ, ਜਿਸ 'ਚ ਦੋਸ਼ੀ ਸਾਬਤ ਹੋਣ 'ਤੇ ਉਸ ਨੂੰ 30 ਸਾਲ ਤੱਕ ਦੀ ਕੈਦ ਅਤੇ 10,000 ਹਜ਼ਾਰ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

## ਸਰਕਾਰੀ ਤੋਹਫੇ ਨਿੱਜੀ ਤੌਰ 'ਤੇ ਵੇਚਣ ਬਦਲੇ ਇਮਰਾਨ ਖਾਨ ਦੀਆਂ ਮੁਸਕਿਲਾਂ ਹੋਰ ਵਧੀਆਂ

ਸੈਸਕਾਟੂਨ(ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਕੌਮੀ ਜਵਾਬਦੇਹੀ ਬਿਓਰੋ (ਐਨਏਬੀ) ਨੇ ਜੇਲ੍ਹ ਵਿੱਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ 'ਤੇ ਭ੍ਰਿਸ਼ਟਾਚਾਰ ਦੇ ਨਵੇਂ ਦੋਸ਼ ਲਗਾਏ ਹਨ। ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਮਰਾਨ ਖਾਨ ਨੇ ਆਪਣੇ ਪ੍ਰਧਾਨ ਮੰਤਰੀ ਕਾਰਜਕਾਲ ਵੇਲੇ ਸੱਤ ਬੇਸ਼ਕੀਮਤੀ ਘੜੀਆਂ ਅਤੇ 10 ਹੋਰ ਮਹਿੰਗੇ ਤੋਹਫੇ ਤੋਸ਼ਾਖਾਨਾ ਵਿੱਚ ਜਮ੍ਹਾਂ ਕਰਵਾਉਣ ਦੀ ਥਾਂ ਆਪਣੇ ਕੋਲ ਰੱਖੇ ਤੇ ਇਸ ਤੋਂ ਬਾਅਦ ਇਨ੍ਹਾਂ ਨੂੰ ਵੇਚ ਦਿੱਤਾ। ਐਨਏਬੀ ਨੇ 71 ਸਾਲਾ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਸੰਸਥਾਪਕ ਤੇ ਉਸ ਦੀ ਪਤਨੀ ਬੁਸ਼ਰਾ ਬੀਬੀ ਖਿਲਾਫ ਤੋਸ਼ਾਖਾਨਾ ਮਾਮਲੇ ਦੀ ਜਾਂਚ ਕੀਤੀ ਸੀ ਜਿਸ ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਇਮਰਾਨ ਖਾਨ ਨੇ ਸਰਕਾਰੀ ਭੰਡਾਰ ਵਿੱਚ ਜਮ੍ਹਾ ਕਰਵਾਉਣ ਦੀ ਥਾਂ ਨਾਜਾਇਜ਼ ਤੌਰ 'ਤੇ ਸਰਕਾਰੀ ਤੋਹਫ਼ੇ ਆਪਣੇ ਕੋਲ ਰੱਖੇ। ਦੱਸਣਾ ਬਣਦਾ ਹੈ ਕਿ ਖਾਨ ਜੋੜੇ ਨੂੰ ਪਹਿਲਾਂ ਹੀ ਤੋਸ਼ਾਖਾਨਾ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ। ਇਮਰਾਨ ਖਾਨ ਅਤੇ ਬੀਬੀ ਬੁਸ਼ਰਾ ਨੂੰ ਜਵਾਬਦੇਹੀ ਅਦਾਲਤ ਨੇ ਇਸ ਸਾਲ ਜਨਵਰੀ ਵਿੱਚ ਸਰਕਾਰੀ ਤੋਹਫ਼ਿਆਂ ਵਿਚ ਕਥਿਤ ਭ੍ਰਿਸ਼ਟਾਚਾਰ ਲਈ 14-14 ਸਾਲ ਦੀ ਸਜ਼ਾ ਸੁਣਾਈ ਸੀ ਪਰ ਬਾਅਦ ਵਿੱਚ ਇਸਲਾਮਾਬਾਦ ਹਾਈ ਕੋਰਟ ਨੇ ਸਜ਼ਾ 'ਤੇ ਰੋਕ ਲਾ ਦਿੱਤੀ ਸੀ।

## ਸਰੀ ਤੋਂ ਗੁਆਚੀ ਸਿਮਰਨ ਦੀ ਭਾਲ ਲਈ ਮਾਪਿਆਂ ਨੇ ਲੋਕਾਂ ਕੋਲੋਂ ਸਹਿਯੋਗ ਮੰਗਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਸਰੀ ਤੋਂ ਗੁੰਮ ਹੋਈ ਇੱਕ 19 ਸਾਲਾ ਪੰਜਾਬੀ ਲੜਕੀ ਦੀ ਬੀਤੇ ਕਈ ਹਫ਼ਤਿਆਂ ਤੋਂ ਤਲਾਸ਼ ਚੱਲ ਰਹੀ ਹੈ ਤੇ ਅਜੇ ਤੱਕ ਉਸਦਾ ਪਤਾ ਨਹੀਂ ਲੱਗਾ। ਸਿਮਰਨ ਖਟੜਾ ਨਾਮ ਦੀ ਇਸ ਲੜਕੀ ਨੂੰ ਆਖਰੀ ਵਾਰ 27 ਅਪ੍ਰੈਲ 2024 ਦੀ ਸ਼ਾਮ 6 ਵਜੇ ਸਰੀ ਦੇ 88 ਐਵਨਿਊ 'ਤੇ ਵੇਖਿਆ ਗਿਆ ਸੀ ਉਸਨੇ ਕਾਲੇ ਰੰਗ ਦੀ ਹੁਡੀ ਪਾਈ ਹੋਈ ਸੀ। ਸਿਮਰਨ ਦਾ ਕੱਦ ਪੰਜ ਫੁੱਟ ਤਿੰਨ ਇੰਚ ਤੇ ਭਾਰ 159 ਪਾਉਂਡ ਹੈ ਅਤੇ ਉਸਦੀਆਂ ਭੂਰੀਆਂ ਅੱਖਾਂ ਤੇ ਵਾਲ ਕਾਲੇ ਹਨ। ਹੁਣ ਸਿਮਰਨ ਦੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਵੱਲੋਂ ਬੀਅਰ ਕਰੀਕ ਪਾਰਕ ਦੇ ਵਿੱਚ ਉਸਦੇ ਪੋਸਟਰ ਲਗਾਏ ਜਾ ਰਹੇ ਹਨ ਆਰਸੀਐਮਪੀ ਦੇ ਅਧਿਕਾਰੀ ਸਰਬਜੀਤ ਸੰਘਾ ਨੇ ਦੱਸਿਆ ਕਿ ਪੁਲਿਸ ਵੱਲੋਂ ਸਿਮਰਨ ਦੀ ਤਲਾਸ਼ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਸਾਨੂੰ ਜੋ ਵੀ ਜਾਣਕਾਰੀ ਮਿਲ ਰਹੀ ਹੈ ਅਸੀਂ ਉਸ ਉਪਰ ਕੰਮ ਕਰ ਰਹੇ ਹਾਂ ਉਹਨਾਂ ਆਖਿਆ ਕਿ ਇਹ ਵੀ ਸਪਸ਼ਟ ਨਹੀਂ ਹੈ ਕਿ ਸਿਮਰਨ ਉਸ ਰਾਤ ਕਿੱਥੇ ਜਾ ਰਹੀ ਸੀ ਤੇ ਇਹ ਵੀ ਪਤਾ ਨਹੀਂ ਹੈ ਕਿ ਉਸਨੇ ਵਾਪਸ ਕਦੋਂ ਆਉਣਾ ਸੀ। ਸਿਮਰਨ ਦੇ ਪਿਤਾ ਵਰਿੰਦਰ ਖਟੜਾ ਨੇ ਆਖਿਆ ਕਿ ਸਾਡਾ ਸਾਰਾ ਪਰਿਵਾਰ ਬੇਹਦ ਜਿਆਦਾ ਪਰੇਸ਼ਾਨ ਹੈ ਉਹਨਾਂ ਦੱਸਿਆ ਕਿ ਸਿਮਰਨ ਨੂੰ ਰੈਸਲਿੰਗ ਬਹੁਤ ਜਿਆਦਾ ਪਸੰਦ ਹੈ ਤੇ ਉਹ ਪੁਲਿਸ ਅਫਸਰ ਬਣਨਾ ਚਾਹੁੰਦੀ ਹੈ। ਜਦੋਂ ਸਿਮਰਨ ਗੁੰਮ ਹੋਈ ਤਾਂ ਕੁਝ ਘੰਟਿਆਂ ਬਾਅਦ ਪਰਿਵਾਰ ਅਤੇ ਦੋਸਤਾਂ ਨੇ ਉਸ ਨਾਲ ਸੰਪਰਕ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਫੋਨ ਦਾ ਜਵਾਬ ਨਹੀਂ ਦੇ ਰਹੀ ਸੀ ਜਦੋਂ ਕਿ ਉਸ ਦਾ ਫੋਨ ਲਗਾਤਾਰ ਐਕਟਿਵ ਸੀ। ਸਿਮਰਨ ਦੇ ਪਿਤਾ ਨੇ ਪੁਲਿਸ ਉੱਪਰ ਦੋਸ਼ ਲਗਾਉਂਦਿਆਂ ਕਿਹਾ ਕਿ ਜੇਕਰ ਪੁਲਿਸ ਉਹਨਾਂ ਦੀ ਬੇਟੀ ਦੇ ਫੋਨ ਦੀ ਲੋਕੇਸ਼ਨ ਦਾ ਪਤਾ ਨਹੀਂ ਲਗਾ ਸਕੀ ਤਾਂ ਉਹਨਾਂ ਦੀ ਬੇਟੀ ਦਾ ਕਿਸ ਤਰ੍ਹਾਂ ਪਤਾ ਲਗਾਵੇਗੀ। ਹੁਣ ਪਰਿਵਾਰ ਨੇ ਲੋਕਾਂ ਕੋਲੋਂ ਸਿਮਰਨ ਨੂੰ ਲੱਭਣ ਲਈ ਮਦਦ ਮੰਗੀ ਹੈ

## ਕਾਰਾਂ ਚੋਰੀ ਹੋਣ ਕਾਰਨ ਹੁਣ ਕਾਰਾਂ ਦੇ ਬੀਮੇ ਹੋਰ ਵਧਣਗੇ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਦੀ ਇੱਕ ਨਵੀਂ ਰਿਪੋਰਟ ਅਨੁਸਾਰ ਆਟੋ ਚੋਰੀ ਲਈ ਬੀਮੇ ਦੇ ਦਾਅਵਿਆਂ ਦੀ ਲਾਗਤ $1.15 ਬਿਲੀਅਨ ਤੱਕ ਪਹੁੰਚ ਗਈ ਹੈ, ਜਿਸਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਇਹ 2018-2020 ਦੀ ਔਸਤ ਨਾਲੋਂ ਤਿੰਨ ਗੁਣਾ ਜ਼ਿਆਦਾ ਹੈ। 2018 ਤੋਂ ਬਾਅਦ ਇਹ 254% ਦਾ ਵਾਧਾ ਹੈ ਅਤੇ ਲਗਭਗ 50,000 ਆਟੋ ਚੋਰੀ ਦੇ ਕਲੇਮਜ਼ ਨੂੰ ਦਰਸਾਉਂਦਾ ਹੈ। ?ਨਟਾਰੀ? ਵਿੱਚ, ਅੰਕੜਾ ਹੋਰ ਵੀ ਮਾੜਾ ਹੈ। ਸੂਬੇ ਵਿੱਚ ਆਟੋ ਚੋਰੀ ਦੇ ਦਾਅਵਿਆਂ ਵਿੱਚ 524% ਦਾ ਵਾਧਾ ਹੋਇਆ ਹੈ ਇਸ ਸਾਲ ਕਾਰ ਜੈਕਿੰਗ ਅਤੇ ਬਰੇਕ-ਐਂਡ-ਐਂਟਰ ਹੋਏ ਬੇਤਹਾਸ਼ਾ ਵਾਧੇ ਦੇ ਨਤੀਜੇ ਵੱਜੋਂ ਕੈਨੇਡੀਅਨਾਂ ਨੂੰ ਉੱਚ ਬੀਮਾ ਪ੍ਰੀਮੀਅਮ ਅਦਾ ਕਰਨਾ ਪਵੇਗਾ। ਪਿਛਲੇ ਸਾਲ, IBC ਨੇ ਅੰਦਾਜ਼ਾ ਲਗਾਇਆ ਹੈ ਕਿ ਵਧੀਆਂ ਹੋਈਆਂ ਵਾਹਨ ਚੋਰੀਆਂ ਨਾਲ ਓਨਟਾਰੀਓ ਵਾਸੀਆਂ ਦੇ ਬੀਮਾ ਭੁਗਤਾਨਾਂ ਵਿੱਚ 130 ਡਾਲਰ ਦਾ ਵਾਧਾ ਹੋਇਆ ਹੈ ਅਤੇ ਇਹ ਇਸ ਸਾਲ ਹੋਰ ਵੀ ਵਧਣ ਦੀ ਭਵਿੱਖਬਾਣੀ ਕੀਤੀ ਗਈ ਹੈ।

## ਡੀ ਐਨ ਏ ਤਕਨੀਕ ਰਾਹੀ ਸੀਰੀਅਲ ਕਿੱਲਰ ਦੀ ਸਨਾਖਤ ਹੋਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਆਰ ਸੀ ਐਮ ਪੀ ਨੇ ਇੱਕ ਵੱਡਾ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਕੈਲਗਰੀ ਵਿੱਚ 1970 ਦੇ ਦਹਾਕੇ ਵਿੱਚ ਚਾਰ ਲੜਕੀਆਂ ਦੀ ਹੱਤਿਆ ਕੈਨੇਡਾ ਅਤੇ ਅਮਰੀਕਾ ਵਿੱਚ ਕਈ ਜਿਨਸੀ ਅਪਰਾਧ ਕਰਨ ਵਾਲੇ ਵਿਅਕਤੀ ਨੇ ਕੀਤੀ ਸੀ। ਆਰਸੀਐਮਪੀ ਦਾ ਕਹਿਣਾ ਹੈ ਕਿ ਸੀਰੀਅਲ ਕਿਲਰ ਗੈਰੀ ਐਲਨ ਸੇਰੀ, ਜਿਸਦੀ 2011 ਵਿੱਚ ਇਡਾਹੋ ਵਿੱਚ ਮੌਤ ਹੋ ਗਈ ਸੀ ਦੀ ਪਛਾਣ ਹੱਤਿਆਵਾਂ ਦੇ 45 ਸਾਲਾਂ ਬਾਅਦ ਡੀਐਨਏ ਤਕਨਾਲੋਜੀ ਰਾਹੀਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਸੇਰੀ ਨੇ 1976-77 ਵਿੱਚ ਦੋ 14 ਸਾਲਾਂ ਦੀਆਂ ਲੜਕੀਆਂ ਈਵਾ ਡਵੋਰਕ ਅਤੇ ਪੈਟਰੀਸ਼ੀਆ ਮੈਕਕੁਈਨ, 20 ਸਾਲਾ ਮੇਲਿਸਾ ਰੇਹੋਰੇਕ,ਅਤੇ 19 ਸਾਲਾ ਬਾਰਬਰਾ ਮੈਕਲੀਨ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਦੇ ਕਤਲ ਉਦੋਂ ਤੱਕ ਅਣਸੁਲਝੇ ਹੋਏ ਸਨ ਜਦੋਂ ਤੱਕ ਕਿ 2022 ਮਿਲੀ ਇਕ ਸੂਚਨਾ ਨੇ ਇਤਿਹਾਸਕ ਫਾਈਲਾਂ ਦੀ ਸਮੀਖਿਆ ਲਈ ਪ੍ਰੇਰਿਤ ਨਹੀਂ ਕੀਤਾ ਸੀ। ਅਮਰੀਕਾ ਵਿੱਚ ਪੈਦਾ ਹੋਇਆ ਸੀਰੀ, ਇੱਕ ਸੀਰੀਅਲ ਜਿਨਸੀ ਅਪਰਾਧੀ ਸੀ ਜੋ 1970 ਦੇ ਦਹਾਕੇ ਦੇ ਅੱਧ ਵਿੱਚ ਭੱਜ ਕੇ ਕੈਨੇਡਾ ਆ ਗਿਆ ਸੀ। ਉਹ 1990 ਦੇ ਦਹਾਕੇ ਦੇ ਅਖੀਰ ਤੱਕ ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰਿਹਾ ਅਤੇ ਸਾਲ 2003 ਵਿੱਚ ਉਸਨੂੰ ਅਮਰੀਕਾ ਡਿਪੋਰਟ ਕਰ ਦਿੱਤਾ ਗਿਆ ਸੀ।

## ਡਰੱਗ ਨਾਲ ਮਰਨ ਵਾਲਿਆਂ ਦੀ ਗਿਣਤੀ ਅਲਬਰਟਾ ਸੂਬੇ ਅੰਦਰ ਸਾਲ 2023 ਦੌਰਾਨ 2000 ਤੋਂ ਵੀ ਵੱਧ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਵਿੱਚ ਡਰੱਗਸ ਨਾਲ ਹੋਣ ਵਾਲੀਆਂ ਮੌਤਾਂ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਅਲਬਰਟਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਸਾਲ ਯਾਨੀ ਕਿ ਸਾਲ 2023 ਵਿੱਚ ਸੂਬੇ ਭਰ ਵਿੱਚ 2000 ਤੋਂ ਵੱਧ ਮੌਤਾਂ ਡਰਗਸ ਕਾਰਨ ਹੋਈਆਂ ਹਨ ਜਦੋਂ ਕਿ ਸਾਲ 2021 ਵਿੱਚ ਮੌਤਾਂ ਦਾ ਇਹ ਅੰਕੜਾ 1885 ਸੀ। ਸੂਬਾ ਸਰਕਾਰ ਅਨੁਸਾਰ ਪਿਛਲੇ ਸਾਲ ਦਸੰਬਰ ਮਹੀਨੇ ਦੇ ਦੌਰਾਨ ਅਲਬਰਟਾ ਵਿੱਚ 164 ਮੌਤਾਂ ਹੋਈਆਂ ਸਨ ਪਰ ਜੇਕਰ ਇਸ ਸਾਲ ਦੀ ਗੱਲ ਕੀਤੀ ਜਾਵੇ ਤਾਂ ਸਾਲ 2024 ਵਿੱਚ ਮੌਤਾਂ ਦੇ ਅੰਕੜੇ ਵਿੱਚ ਕੁੱਝ ਕਮੀ ਆਈ ਹੈ। ਜਨਵਰੀ ਅਤੇ ਫਰਵਰੀ ਮਹੀਨੇ ਵਿੱਚ 254 ਮੌਤਾਂ ਦਰਜ ਕੀਤੀਆਂ ਗਈਆਂ ਸਨ। ਮਰਨ ਵਾਲਿਆਂ ਵਿੱਚ ਜਿਆਦਾਤਰ ਮਰਦ ਹਨ, ਜਿਨਾਂ ਦੀ ਉਮਰ 30 ਤੋਂ 44 ਸਾਲ ਦੇ ਵਿਚਕਾਰ ਹੈ। ?ਵਰਡੋਜ ਨਾਲ ਮਰਨ ਵਾਲੀਆਂ ਔਰਤਾਂ ਦੀ ਗਿਣਤੀ ਵਿੱਚ ਵੀ 8 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸਭ ਤੋਂ ਜਿਆਦਾ 93 ਫੀਸਦੀ ਮੌਤਾਂ ਫੈਂਟਾਨਿਲ ਕਾਰਨ ਹੋਈਆਂ ਦੱਸੀਆਂ ਜਾ ਰਹੀਆਂ ਹਨ।



















Calgary

# ਪ੍ਰਾਪਰਟੀ ਟੈਕਸ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਜਗ੍ਹਾ ਬਣਾਉਣ ਵਿੱਚ ਮਦਦ ਕਰਦੇ ਹਨ

ਤੁਹਾਡੇ ਸਿਟੀ ਟੈਕਸ ਡਾਲਰ ਕੈਲਗਰੀ ਨੂੰ ਰਹਿਣ ਲਈ ਇੱਕ ਵਧੀਆ ਥਾਂ ਬਣਾਉਂਦੇ ਹਨ।

ਪ੍ਰਾਪਰਟੀ ਟੈਕਸਾਂ ਦੇ ਮਿਉਂਸਪਲ ਹਿੱਸੇ ਦੀ ਵਰਤੋਂ ਕਰਦੇ ਹੋਏ ਸਿਟੀ ਬਹੁਤ ਸਾਰੀਆਂ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਦੀ ਹੈ। ਇਨ੍ਹਾਂ ਵਿੱਚ ਪੁਲਿਸ, ਫਾਇਰ ਸਰਵਿਸਿਜ਼ ਅਤੇ ਟਰਾਂਜ਼ਿਟ ਸ਼ਾਮਲ ਹਨ। ਉਹ ਸਮਾਜਿਕ ਪ੍ਰੋਗਰਾਮਾਂ ਅਤੇ ਮਨੋਰੰਜਨ ਸਹੂਲਤਾਂ ਵਰਗੀਆਂ ਹੋਰ ਮਹੱਤਵਪੂਰਨ ਚੀਜ਼ਾਂ ਲਈ ਭੁਗਤਾਨ ਕਰਨ ਵਿੱਚ ਵੀ ਮਦਦ ਕਰਦੇ ਹਨ।

ਇਹ ਦੇਖਣ ਲਈ ਸਾਡੇ ਮੁਫਤ ਔਨਲਾਈਨ ਟੂਲ ਦੀ ਵਰਤੋਂ ਕਰੋ ਕਿ ਤੁਹਾਡੇ ਟੈਕਸ ਡਾਲਰ ਸਿਟੀ ਸੇਵਾਵਾਂ ਦਾ ਸਮਰਥਨ ਕਿਵੇਂ ਕਰਦੇ ਹਨ। ਤੁਸੀਂ ਆਪਣੇ ਪ੍ਰਾਪਰਟੀ ਟੈਕਸ ਬਿੱਲ ਦਾ ਅਨੁਮਾਨ ਅਤੇ ਪੂਰਾ ਬ੍ਰੇਕਡਾਊਨ ਵੀ ਪ੍ਰਾਪਤ ਕਰ ਸਕਦੇ ਹੋ।

**ਆਪਣੇ ਪ੍ਰਾਪਰਟੀ ਟੈਕਸ ਦਾ ਮੁਫਤ ਅਨੁਮਾਨ ਪ੍ਰਾਪਤ ਕਰਨ ਅਤੇ ਇਹ ਦੇਖਣ ਲਈ ਕਿ ਤੁਹਾਡੇ ਟੈਕਸ ਡਾਲਰ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਦਾ ਸਮਰਥਨ ਕਿਵੇਂ ਕਰਦੇ ਹਨ, calgary.ca/taxcalculator 'ਤੇ ਜਾਓ।**




ਕੀ ਤੁਹਾਨੂੰ ਪਤਾ ਸੀ?



Calgary

**65%** ਫੰਡ ਸਿਟੀ ਔਫ ਕੈਲਗਰੀ ਸੇਵਾਵਾਂ ਨੂੰ

**35%** ਜਾਂਦਾ ਹੈ ਅਲਬਰਟਾ ਸਰਕਾਰ ਨੂੰ

ਤੁਹਾਡੇ ਪ੍ਰਾਪਰਟੀ ਟੈਕਸ ਦਾ ਲਗਭਗ 65 ਪ੍ਰਤੀਸ਼ਤ ਇਹਨਾਂ ਸਿਟੀ ਸੇਵਾਵਾਂ ਨੂੰ ਫੰਡ ਕਰਨ ਲਈ ਜਾਂਦਾ ਹੈ, ਜਦੋਂ ਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ।







Duplexes From the high $500s




Laned Homes From the low $600s



Front Garage From the low $700s

**ਸਾਊਥ ਵੈਸਟ ਕੈਲਗਰੀ ਦਾ ਸਭ ਤੋਂ ਨਵਾਂ ਭਾਈਚਾਰਾ**

ਕੁਦਰਤ ਨਾਲ ਘਿਰਿਆ, ਵਰਮਿਲੀਅਨ ਹਿੱਲ ਉਹਨਾਂ ਪਰਿਵਾਰਾਂ ਲਈ ਸੰਪੂਰਨ ਸਥਾਨ ਹੈ ਜੋ ਬਾਹਰ ਨੂੰ ਪਸੰਦ ਕਰਦੇ ਹਨ। ਤੁਹਾਡਾ ਅਗਲਾ ਐਡਵੈਂਚਰ ਫਿਸ਼ ਕ੍ਰੀਕ ਪਾਰਕ ਤੋਂ ਕੁੱਝ ਕਦਮ, ਬ੍ਰੈਗ ਕ੍ਰੀਕ ਅਤੇ ਐਨ ਐਂਡ ਸੈਂਡੀ ਕਰਾਸ ਕੰਜ਼ਰਵੇਸ਼ਨ ਏਰੀਆ ਤੋਂ ਕੁੱਝ ਮਿੰਟ, ਅਤੇ ਕਾਨਾਨਾਸਕਿਸ ਅਤੇ ਰੌਕੀ ਪਹਾੜਾਂ ਲਈ ਇੱਕ ਦਮ ਡ੍ਰਾਈਵ ਕਰਦਿਆਂ ਬਿਲਕੁਲ ਨੇੜੇ ਹੀ ਹੈ!




ਫੇਸ 2 ਹੁਣ ਵੇਚ ਰਹੇ ਹਾਂ!
liveinvermilionhill.com

- NuVista Homes
- Homes by Avi
- Genesis Builders
- Sterling Homes
- Shane Homes
- Broadview Homes

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities

**Delta-A Stucco Ltd.**

All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate

81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

**Sunder Building Supplies Ltd.**

We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal 403-690-8700
Bhajan Singh Johal 403-561-0227

4612, 6 STREET NE CALGARY, AB

**ਡਰਾਇਵਰਾਂ ਦੀ ਲੋੜ ਹੈ**

RIG Group of Companies Inc.

GOLIATH TRACTOR SERVICE LTD. CALGARY, ALBERTA
Goliath Tractor Service Ltd.

Rig Logistics is now Hiring Long haul drivers for Canada & USA and LCV with minimum 2 year Hwy driving experience.

O: 403 285 1111ext# 100 | Fax: 403 567 0462 | Call : 403-862-1631
hr@riglogistics.com

# 4, 10 Wrangler Place SE
Calgary (AB)

# ਰੀਜਾਇਨਾ ਨਗਰ ਕੀਰਤਨ -2024 ਤਸਵੀਰਾਂ ਦੀ ਜ਼ੁਬਾਨੀ






























**CAM TRANSPORT** REGINA, SK

Currently Hiring Drivers and Owner Operators for Canada (Prairies) and USA Runs.

- Must Have-Clean Driver Abstract
- Clear Criminal Record

ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ

Cam Transport Offers:
- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover

Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313

Office: 306 910-0100 Email: Info@camtransport.ca
1014 Kearns Cres Regina (SK) S4K 0A1

**MIDWEST DIESEL REPAIR INC.**
Midwest Truck Parts
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।

ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।



ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।

- Mobile Tire Service-24H
- Wheel Alignment • Differential • Rebuilt
- Engine-Transmission • Heating and Air Conditioning

Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610

1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

**DENTRO CARRIERS LTD**
REGINA, SK

HIRING OWNER OPERATOR NOW

ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।

- New Automatic Trucks
- City Work
- Long Haul US- Canada Runs
- Dedicated Runs
- Great Miles Rate

Referral Bonus
Health Benefits

LEASE TO OWNER OPERATOR PROGRAM



Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com